67

# ''ਅਤੇ ਉਨ੍ਹਾਂ ਕਿਆਫ਼ਾ ਲਾਇਆ''

## (21:26-40)

ਪੈਂਟੀਕਾਸਟ ਦਾ ਦਿਨ ਲੰਘ ਚੁੱਕਿਆ ਸੀ, ਪਰ ਯਰੂਸ਼ਲਮ ਵਿਚ ਪਰਬ ਮਨਾਉਣ ਲਈ ਦੁਨੀਆਂ ਭਰ ਤੋਂ ਆਏ ਲੋਕਾਂ ਨਾਲ ਬਜ਼ਾਰ ਭਰੇ ਪਏ ਸਨ।[1] ਕਈ ਘਰ ਪਰਤਣ ਲਈ ਸਮਾਨ ਖ਼ਰੀਦ ਰਹੇ ਸਨ। ਹੋਰ ਆਪਣੇ ਸੱਜਣਾਂ-ਮਿੱਤਰਾਂ ਨਾਲ ਮਿਲਣ ਦਾ ਅਨੰਦ ਲੈ ਰਹੇ ਸਨ। ਜਿਨ੍ਹਾਂ ਨੂੰ ਉਨ੍ਹਾਂ ਸਾਲ ਬਾਅਦ ਮਿਲਣਾ ਸੀ, ਕਈ ਉਸ ਸ਼ਹਿਰ ਨੂੰ ਜਿਸ ਨੂੰ ''ਖ਼ੁਦਾ ਦਾ ਸ਼ਹਿਰ'' ਆਖਦੇ ਸਨ ਛੱਡ ਕੇ ਨਹੀਂ ਜਾਣਾ ਚਾਹੁੰਦੇ ਸਨ। ਹੋਰ ਲੋਕ ਸ਼ਹਿਰ ਦੇ ਉੱਤਰ-ਪੂਰਬ ਵਲੋਂ ਜਿੱਥੇ ਸ਼ਾਨਦਾਰ ਹੈਕਲ ਸੀ, ਆਪਣੇ ਖ਼ਤਰਨਾਕ ਮਕਸਦ ਕਰਕੇ ਦੇਰ ਲਾ ਰਹੇ ਸਨ। ਉਨ੍ਹਾਂ ਦੀ ਭੈੜੀ ਨਜ਼ਰ ਪੌਲੁਸ ਦੇ ਹਰ ਕਦਮ 'ਤੇ ਸੀ ਕਿ ਕਿਵੇਂ ਉਨ੍ਹਾਂ ਨੂੰ ਉਹਨੂੰ ਨੁਕਸਾਨ ਪਹੁੰਚਾਉਣ ਦਾ ਬਹਾਨਾ ਮਿਲ ਜਾਵੇ। ਛੇਤੀ ਹੀ ਉਨ੍ਹਾਂ ਨੂੰ ਬਹਾਨਾ ਮਿਲ ਜਾਣਾ ਸੀ ਜਿਸ ਨਾਲ ਪੌਲੁਸ ਨੂੰ ਆਪਣੀ ਜ਼ਿੰਦਗੀ ਦੇ ਸਭ ਤੋਂ ਖ਼ਤਰਨਾਕ ਪਲਾਂ ਵਿੱਚੋਂ ਇਕ ਦਾ ਮੁਕਾਬਲਾ ਕਰਨਾ ਸੀ।

ਸਾਡੇ ਪਾਠ ਦਾ ਸਾਰ ਰਸੂਲਾਂ ਦੇ ਕੰਮ 21:29 ਵਿਚ ਮਿਲਦਾ ਹੈ: ''ਉਨ੍ਹਾਂ ਨੇ ਐਦੋਂ ਅੱਗੇ ਸ਼ਹਿਰ ਵਿਚ ਤ੍ਰੋਫ਼ਿਮੁਸ ਅਫ਼ਸੀ ਨੂੰ ਉਹ ਦੇ ਨਾਲ ਡਿੱਠਾ ਸੀ *ਅਤੇ ਭਰਮ ਕੀਤਾ* ਜੋ ਪੌਲੁਸ ਉਹ ਨੂੰ ਹੈਕਲ ਵਿਚ ਲਿਆਇਆ ਹੋਵੇਗਾ।'' ਉਨ੍ਹਾਂ ਨੇ ਸ਼ਹਿਰ ਵਿਚ ਇਕ ਗ਼ੈਰ ਯਹੂਦੀ ਨੂੰ ਪੌਲੁਸ ਨਾਲ ਵੇਖਿਆ ਅਤੇ ਬਾਅਦ ਵਿਚ ਪੌਲੁਸ ਨੂੰ ਹੈਕਲ ਵਿਚ ਕਈ ਲੋਕਾਂ ਨਾਲ ਵੇਖਿਆ, ''ਅਤੇ ਭਰਮ ਕੀਤਾ'' ਕਿ ਉਹ ਗ਼ੈਰ ਯਹੂਦੀ ਨੂੰ ਹੈਕਲ ਵਿਚ ਲੈ ਕੇ ਆਇਆ ਹੈ। ਅਸੀਂ ਕਹਾਂਗੇ ਕਿ ਉਹ ''ਇਸ ਨਤੀਜੇ 'ਤੇ ਪਹੁੰਚੇ'' ਪਰ ਰਸੂਲਾਂ ਦੇ ਕੰਮ ਕਿਤਾਬ ਵਾਲੇ ਕਿਆਫ਼ਿਆਂ ਨਾਲ ਪੌਲੁਸ ਦੀ ਜਾਨ ਜਾ ਸਕਦੀ ਸੀ। ਅਸੀਂ ਉਸ ਗੁਜ਼ਰੇ ਜ਼ਮਾਨੇ ਦੇ ਕਿਆਫ਼ਿਆਂ ਅਤੇ ਅੱਜ ਦੇ ਕੁਝ ਕਿਆਫ਼ਿਆਂ 'ਤੇ ਗੌਰ ਕਰਨਾ ਚਾਹੁੰਦੇ ਹਾਂ, ਜੋ ਅੱਜ ਵੀ ਓਨੇ ਹੀ ਖ਼ਤਰਨਾਕ ਹਨ।

### ਉਦੋਂ ਦੇ ਖਤਰਨਾਕ ਕਿਆਫ਼ੇ (21:26-40)

ਯਰੂਸ਼ਲਮ ਦੇ ਬਜ਼ੁਰਗਾਂ ਵਲੋਂ ਪੌਲੁਸ ਨੂੰ ਉਨ੍ਹਾਂ ਚਾਰ ਬੰਦਿਆ ਦੀ ਨਜ਼ੀਰੀ ਮੰਨਤ ਨੂੰ ਪੂਰਾ ਕਰਨ ਦੀ ਰਵਾਇਤ ਵਿਚ ਸ਼ਾਮਿਲ ਹੋਣ ਅਤੇ ਉਨ੍ਹਾਂ ਦਾ ਖਰਚਾ ਦੇਣ ਦੀ ਚੁਣੌਤੀ ਮਿਲੀ ਸੀ। ਜ਼ਾਹਿਰ ਹੈ ਕਿ ਉਨ੍ਹਾਂ ਚਾਰਾਂ ਨੇ ਆਪਣੇ ਆਪ ਨੂੰ ਅਸ਼ੁੱਧ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਸੱਤ ਦਿਨਾਂ ਦੀ ਸ਼ੁੱਧੀਕਰਨ ਦੀ ਖਰਚੀਲੀ ਪ੍ਰਕ੍ਰਿਆ ਵਿੱਚੋਂ ਦੀ ਲੰਘਣਾ ਪੈਂਦਾ ਸੀ। ਕੁਝ ਅਸਪਸ਼ਟ

ਕਾਰਣਾਂ ਨਾਲ ਪੌਲੁਸ ਨੇ ਉਨ੍ਹਾਂ ਦੀ ਗੱਲ ਮੰਨ ਲਈ ਅਤੇ ''...ਉਨ੍ਹਾਂ ਮਨੁੱਖਾਂ ਨੂੰ ਨਾਲ ਲਿਆ ਅਤੇ ... ਉਨ੍ਹਾਂ ਸਣੇ ਆਪ ਨੂੰ ਸ਼ੁੱਧ ਕਰ ਕੇ ਹੈਕਲ ਵਿਚ ਗਿਆ ਅਰ ਸ਼ੁੱਧ ਹੋਣ ਦੇ ਦਿਨਾਂ ਦੇ ਪੂਰੇ ਹੋਣ ਦੀ ਖ਼ਬਰ ਦਿੰਦਾ ਗਿਆ ਜਦ ਤਾਈਂ ਉਨ੍ਹਾਂ ਵਿੱਚੋਂ ਹਰੇਕ ਦੇ ਲਈ ਭੇਟ ਚੜ੍ਹਾਈ ਨਾ ਗਈ''(ਆਇਤ 26)। ਪੌਲੁਸ ਹਰ ਰੋਜ਼ ਸ਼ੁੱਧੀਕਰਨ ਦੀਆਂ ਰਸਮਾਂ ਦੇ ਇੰਤਜ਼ਾਮ ਅਤੇ ਉਨ੍ਹਾਂ ਵਿਚ ਹਿੱਸਾ ਲੈਣ ਲਈ ਹੈਕਲ ਵਿੱਚੋਂ ਅੰਦਰ ਬਾਹਰ ਆਉਂਦਾ ਜਾਂਦਾ ਰਿਹਾ।

**ਇਕ ਖ਼ਤਰਨਾਕ ਕਿਆਫ਼ਾ**

''ਜਾਂ ਓਹ ਸੱਤ ਦਿਨ ਪੂਰੇ ਹੋਣ ਲੱਗੇ'' (ਆਇਤ 27ੳ) ਅਸੀਆ ਦੇ ਯਹੂਦੀਆਂ ਨੇ ਪੌਲੁਸ ਨੂੰ ਹੈਕਲ ਵਿਚ ਵੇਖਿਆ। ਇਹ ਲੋਕ ਸ਼ਾਇਦ ਅਫ਼ਸੁਸ ਤੋਂ ਸਨ, ਜਿੱਥੇ ਪੌਲੁਸ ਨੇ ਹਾਲ ਹੀ ਵਿਚ ਲਗਭਗ ਤਿੰਨ ਸਾਲ ਤਕ ਕੰਮ ਕੀਤਾ ਸੀ। ਉਨ੍ਹਾਂ ਯਹੂਦੀਆ ਨੇ ਉਹਦੇ ਪ੍ਰਚਾਰ ਨੂੰ ਨਕਾਰ ਦਿੱਤਾ (19:8, 9), ਬਾਰ ਬਾਰ ਉਹਦੇ ਖ਼ਿਲਾਫ਼ ਸਾਜ਼ਿਸ਼ਾਂ ਰਚੀਆਂ ਸਨ (20:18, 19) ਅਤੇ ਇੱਥੋਂ ਤਕ ਕਿ ਇਸ ਰਸੂਲ ਨੂੰ ਜਾਨੋਂ ਮਰਵਾਉਣ ਲਈ ਦੰਗਾ ਭੜਕਾਉਣ ਵਿਚ ਵੀ ਹਿੱਸਾ ਲਿਆ ਸੀ (19:33), ਪਰ ਉਨ੍ਹਾਂ ਦੀਆ ਸਭ ਕੋਸ਼ਿਸ਼ਾਂ ਬੇਕਾਰ ਗਈਆਂ ਸਨ। ਹੁਣ ਉਨ੍ਹਾਂ ਨੂੰ ਉਸ ਤੋਂ ਛੁਟਕਾਰਾ ਪਾਉਣ ਦਾ ਮੌਕਾ ਮਿਲਿਆ।[2]

''ਉਨ੍ਹਾਂ ਨੇ ਐਦੋਂ ਅੱਗੇ ਸ਼ਹਿਰ ਵਿਚ ਤ੍ਰੋਫ਼ਿਮੁਸ ਅਫ਼ਸੀ ਨੂੰ ਉਹ ਦੇ ਨਾਲ ਡਿੱਠਾ ਸੀ''(21:29ੳ)। ਤ੍ਰੋਫ਼ਿਮੁਸ ਉਨ੍ਹਾਂ ਗ਼ੈਰ ਯਹੂਦੀਆ ਵਿੱਚੋਂ ਸੀ ਜੋ ਖ਼ਾਸ ਚੰਦਾ ਲੈ ਕੇ ਪੌਲੁਸ ਨਾਲ ਯਰੂਸ਼ਲਮ ਸ਼ਹਿਰ ਨੂੰ ਗਏ ਸਨ (20:4)। ਉਹ ਅਫ਼ਸੁਸ ਦਾ ਰਹਿਣ ਵਾਲਾ ਸੀ, ਇਸ ਕਰਕੇ ਅਸੀਆ ਦੇ ਯਹੂਦੀਆ ਨੇ ਉਹਨੂੰ ਵੇਖ ਕੇ ਪਛਾਣ ਲਿਆ ਹੋਵੇਗਾ। ਹੁਣ ਉਨ੍ਹਾਂ ''ਭਰਮ ਕੀਤਾ ਜੋ ਪੌਲੁਸ ਉਹਨੂੰ ਹੈਕਲ ਵਿਚ ਲਿਆਇਆ ਹੋਵੇਗਾ'' (21:29ਅ)।

ਇਹ ਸਮਝਣ ਲਈ ਕਿ ਇਹ ਕਿਆਫ਼ਾ ਖ਼ਤਰਨਾਕ ਕਿਉਂ ਸੀ, ਹੈਕਲ ਬਾਰੇ ਕੁਝ ਜਾਣਕਾਰੀ ਹੋਣੀ ਜ਼ਰੂਰੀ ਹੈ।[3] ਇਸ ਆਇਤ ਵਿਚ ''ਹੈਕਲ'' ਯੂਨਾਨੀ ਸ਼ਬਦ *heiron* ਦਾ ਅਨੁਵਾਦ ਹੈ। ਜਿਸ ਦੀ ਵਰਤੋਂ ਹੈਕਲ ਦੇ ਪਵਿੱਤਰ ਭਾਗ ਲਈ ਹੁੰਦੀ ਹੈ। ਗ਼ੈਰ ਯਹੂਦੀਆਂ ਨੂੰ ਹੈਕਲ ਦੇ ਅਹਾਤੇ ਦੇ ਉਸ ਹਿੱਸੇ ਵਿਚ ਜਾਣ ਦੀ ਇਜਾਜ਼ਤ ਹੀ ਸੀ ਜਿਸ ਨੂੰ ਗ਼ੈਰ ਕੌਮਾਂ ਦਾ ਅਹਾਤਾ ਆਖਿਆ ਜਾਂਦਾ ਸੀ। ਪਰ ਉਸ ਤੋਂ ਅੱਗੇ ਜਾਣ ਦੀ ਉਨ੍ਹਾਂ ਨੂੰ ਇਜਾਜ਼ਤ *ਨਹੀਂ* ਸੀ। ਗ਼ੈਰ ਕੌਮਾਂ ਦੇ ਪਵਿੱਤਰ ਅਹਾਤਿਆਂ ਦੇ ਹਰ ਦਾਖ਼ਲੇ 'ਤੇ ਇਕ ਚਿਤਾਵਨੀ ਲਿਖੀ ਹੁੰਦੀ ਸੀ: ''ਕਿਸੇ ਗ਼ੈਰ ਕੌਮ ਦਾ ਕੋਈ ਸ਼ਖ਼ਸ ਹੈਕਲ ਦੇ ਆਲੇ ਦੁਆਲੇ ਦੇ ਘੇਰੇ ਅਤੇ ਹੈਕਲ ਦੇ ਨੇੜੇ-ਨੇੜੇ ਨਾ ਵੜੇ ਫੜ੍ਹੇ ਜਾਣ 'ਤੇ ਆਪਣੀ ਮੌਤ ਦਾ ਉਹ ਆਪ ਜ਼ਿੰਮੇਵਾਰ ਹੋਵੇਗਾ।''[4] ਯਹੂਦੀਆ ਵਾਸਤੇ ਬੜੀ ਰਿਆਇਤ ਦੇ ਤੌਰ 'ਤੇ ਰੋਮੀਆਂ ਨੇ ਹੈਕਲ ਦੀ ਪਵਿੱਤਰਤਾ ਭੰਗ ਕਰਨ ਵਾਲੇ ਕਿਸੇ ਵੀ ਸ਼ਖ਼ਸ ਨੂੰ ਥਾਂ ਹੀ ਮਾਰ ਦੇਣ ਦੀ ਹੈਕਲ ਦੇ ਅਧਿਕਾਰੀਆਂ ਨੂੰ ਛੋਟ ਦਿੱਤੀ ਹੋਈ ਸੀ, ਭਾਵੇਂ ਉਹ ਰੋਮੀ ਹੀ ਕਿਉਂ ਨਾ ਹੋਵੇ, ਜੇ ਪੌਲੁਸ ਕਿਸੇ ਗ਼ੈਰ ਯਹੂਦੀ ਨੂੰ ਪਵਿੱਤਰ ਅਹਾਤੇ ਵਿਚ ਲੈ ਗਿਆ, ਤਾਂ ਉਹਦੀ ਸਜ਼ਾ ਮੌਤ ਸੀ!

ਅਸੀਆ ਦੇ ਯਹੂਦੀਆਂ ਕੋਲ ਇਹ ਭਰਮ ਕਰਨ ਦੀ ਕੋਈ ਵਜ੍ਹਾ ਨਹੀਂ ਸੀ ਕਿ ਪੌਲੁਸ ਨੇ ਹੈਕਲ ਨੂੰ ਅਸ਼ੁੱਧ ਕੀਤਾ ਸੀ ਅਤੇ ਨਾ ਹੀ ਸਾਡੇ ਕੋਲ ਕੋਈ ਵਜ੍ਹਾ ਹੈ। ਸ਼ਰ੍ਹਾ ਨੂੰ ਮਨਵਾਉਣ ਵਾਲਿਆਂ ਨੂੰ ਚਿੜ੍ਹਾਉਣ ਦੀ ਕੋਸ਼ਿਸ਼ ਕਰਨ ਵਾਲਾ ਆਦਮੀ ਅਜਿਹਾ ਤਦ ਤਕ ਨਹੀਂ ਕਰ ਸਕਦਾ ਜਦੋਂ ਤਕ ਉਹ ਬੇਵਕੂਫ਼ ਨਾ ਹੋਵੇ, ਅਤੇ ਪੌਲੁਸ ਬੇਵਕੂਫ਼ ਨਹੀਂ ਸੀ।[5] ਪਰ ਜਦ ਤੁਸੀਂ

ਕਿਸੇ ਨਾਲ ਨਫ਼ਰਤ ਕਰਦੇ ਹੋ, ਤਾਂ ਤੁਸੀਂ ਉਹਦੇ ਬਾਰੇ ਮਾੜੀ ਤੋਂ ਮਾੜੀ ਗੱਲ ਮੰਨਣ ਲਈ ਤਿਆਰ ਰਹਿੰਦੇ ਹੋ।

''ਯਹੂਦੀਆਂ ਨੇ ਜਿਹੜੇ ਅਸੀਆ ਦੇ ਸਨ ਪੌਲੁਸ ਨੂੰ ਹੈਕਲ ਵਿਚ ਵੇਖ ਕੇ'' ਦੇਮੇਤ੍ਰਿਉਸ ਨਾਂਅ ਦੇ ਇਕ ਅਫ਼ਸੀ ਸਾਥੀ ਵਾਂਗ ਚਲਾਕੀ ਸਿੱਖ ਕੇ ''ਸਾਰੀ ਭੀੜ ਨੂੰ ਭੜਕਾਇਆ'' (ਆਇਤ 27ਅ)।[6] ''ਅਰ ਦੁਹਾਈ ਦੇਣ ਲੱਗੇ, ਹੇ ਇਸਰਾਏਲੀ ਮਰਦੋ ਬਹੁੜੋ!'' (ਆਇਤਾਂ 27ਏ, 28ੳ)। ਜੇ ਪੌਲੁਸ ਸਚਮੁਚ ਤ੍ਰਫ਼ਿਮੁਸ ਨੂੰ ਪਵਿੱਤਰ ਅਹਾਤੇ ਵਿਚ ਲਿਜਾਣ ਦਾ ਦੋਸ਼ੀ ਸੀ, ਤਾਂ ਉਨ੍ਹਾਂ ਨੂੰ ਚਾਹੀਦਾ ਸੀ ਕਿ ਮਦਦ ਲਈ ਹੈਕਲ ਦੇ ਪਹਿਰੇਦਾਰਾਂ ਨੂੰ ਸੱਦਦੇ। ਉਨ੍ਹਾਂ ਅਧਿਕਾਰੀਆਂ ਨੂੰ ਪੌਲੁਸ ਅਤੇ ਕਿਸੇ ਹੋਰ ਗ਼ੈਰ ਯਹੂਦੀ ਘੁਸਪੈਠੀਆਂ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਰਨ ਦਾ ਇਖ਼ਤਿਆਰ ਸੀ। ਇਹਦੀ ਥਾਂ ਅਫ਼ਸੁਸ ਦੇ ਯਹੂਦੀਆਂ ਨੇ ਇਹ ਸੰਕੇਤ ਦਿੰਦਿਆਂ ਕਿ ਉਨ੍ਹਾਂ ਨੂੰ ਪਤਾ ਸੀ ਕਿ ਉਹਦੇ ਖ਼ਿਲਾਫ਼ ਕੋਈ ਅਸਲ ਮਾਮਲਾ ਨਹੀਂ ਹੈ, ਮਦਦ ਵਾਸਤੇ ਲੋਕਾਂ ਨੂੰ ਆਖਿਆ।

ਪੌਲੁਸ 'ਤੇ ਹੱਥ ਪਾਉਣ ਵੇਲੇ ਉਹ ਸ਼ਾਇਦ ਔਰਤਾਂ ਦੇ ਅਹਾਤੇ ਵਿਚ ਸੀ। ਉਸ ਅਹਾਤੇ ਦੀ ਦੱਖਣ-ਪੂਰਬੀ ਨੁੱਕਰ ਵਿਚ ਕਮਰੇ ਸਨ ਜਿੱਥੇ ਨਜ਼ੀਰੀ ਮੰਨਤ ਪੂਰੀ ਕਰਨ ਵਾਲੇ ਲੋਕ ਠਹਿਰਦੇ ਸਨ। ਅਸੀਆ ਦੇ ਯਹੂਦੀ ਇਸ ਰਸੂਲ ਨੂੰ ਫੜ੍ਹ ਕੇ ਡੰਡ ਪਾਉਣ ਲੱਗੇ, ''ਇਹ ਉਹੋ ਮਨੁੱਖ ਹੈ ਜਿਹੜਾ ਹਰ ਥਾਂ ਸਾਡੀ ਕੌਮ[7] ਅਤੇ ਸ਼ਰ੍ਹਾ ਅਤੇ ਐਸ ਥਾਂ ਦੇ ਵਿਰੁੱਧ ਸਭਨਾਂ ਨੂੰ ਸਿੱਖਿਆ ਦਿੰਦਾ ਹੈ! ਨਾਲੇ ਉਸ ਨੇ ਯੂਨਾਨੀਆਂ ਨੂੰ[8] ਭੀ ਹੈਕਲ ਵਿਚ ਲਿਆਂਦਾ ਅਤੇ ਇਸ ਪਵਿੱਤਰ ਥਾਂ ਨੂੰ ਭ੍ਰਿਸ਼ਟ ਕੀਤਾ ਹੈ!'' (ਆਇਤ 28ਅ)।[9]

ਯਹੂਦੀਆਂ ਦੀ ਨਜ਼ਰ ਵਿਚ ਤਿੰਨ ਗੱਲਾਂ ਪਵਿੱਤਰ ਸਨ, ਉਨ੍ਹਾਂ ਦੀ ਕੌਮ, ਉਨ੍ਹਾਂ ਦਾ ਧਰਮ ਗ੍ਰੰਥ ਅਤੇ ਉਨਾਂ ਦੀ ਹੈਕਲ। ਪੌਲੁਸ 'ਤੇ ਪਹਿਲੇ ਦੀ ਬੇਇੱਜ਼ਤੀ ਕਰਨ, ਦੂਜੇ ਨੂੰ ਬੇਕਾਰ ਦੱਸਣ ਅਤੇ ਤੀਜੇ ਨੂੰ ਭ੍ਰਿਸ਼ਟ ਕਰਨ ਦਾ ਇਲਜ਼ਾਮ ਲੱਗਾ ਸੀ।[10] ਅਤੀਤ ਵਿਚ ਇਨ੍ਹਾਂ ਇਲਜ਼ਾਮਾਂ ਨਾਲ ਯਹੂਦੀਆ ਨੂੰ ਚੰਗਾ ਫ਼ਾਇਦਾ ਹੋਇਆ ਸੀ; ਯਿਸੂ (ਮਰਕੁਸ 14:56-64; ਯੂਹੰਨਾ 2:19) ਅਤੇ ਇਸਤੀਫ਼ਾਨ (ਰਸੂਲਾਂ ਦੇ ਕੰਮ 6:11, 13, 14) 'ਤੇ ਵੀ ਇਹੀ ਇਲਜ਼ਾਮ ਲਾਏ ਗਏ ਸਨ। ਦੋਹਾਂ ਹੀ ਮਾਮਲਿਆਂ ਵਿਚ, ਮੁਜਰਮਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।

ਭੀੜ ਨਾਲ ਨੱਕੋ-ਨੱਕ ਭਰੀਆਂ ਗਲੀਆਂ ਵਿਚ ਇਹ ਗੱਲ ਜੰਗਲ ਦੀ ਅੱਗ ਵਾਂਗ ਫ਼ੈਲ ਗਈ ਸੀ: ''ਤਦ ਸਾਰੇ ਸ਼ਹਿਰ ਵਿਚ ਰੌਲਾ ਪਿਆ ਅਤੇ ਲੋਕ ਦੌੜ ਕੇ ਇਕੱਠੇ ਹੋਏ'' (ਰਸੂਲਾਂ ਦੇ ਕੰਮ 21:30ੳ)। ਕੁਝ ਦੇਰ ਪਹਿਲਾਂ ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਦੇ ਸਭ ਲੋਕ ਰਸੂਲਾਂ ਤੋਂ ਵਚਨ ਸੁਣਨ ਲਈ ਆ ਗਏ ਸਨ। ਹੁਣ ਸਤਾਈ ਸਾਲਾਂ ਬਾਅਦ, ਲੋਕ ਹੈਕਲ ਵਿਚ ਇਕ ਰਸੂਲ ਦੀ ਮੌਤ ਨੂੰ ਵੇਖਣ ਲਈ ਇਕੱਠੇ ਹੋਏ ਸਨ।

''ਅਤੇ ਪੌਲੁਸ ਨੂੰ ਫੜ੍ਹ ਕੇ ਹੈਕਲੋਂ ਬਾਹਰ ਖਿੱਚ ਖੜਿਆ'' (ਆਇਤ 30ਅ), ਜਾਂ ਇਹ ਕਹਿ ਲਓ ਕਿ ਉਹ ਉਸ ਨੂੰ ਹੈਕਲ ਦੇ ਪਵਿੱਤਰ ਭਾਗ ਤੋਂ ਗ਼ੈਰ ਕੌਮਾਂ ਦੇ ਅਹਾਤੇ ਵਿਚ ਧੂ ਲਿਆਏ।[11] ਇਹ ਕਲੀਸੀਆ ਦੇ ਕਿਸੇ ਬੰਦੇ ਨੂੰ ਬੰਦਗੀ ਵਾਲੇ ਥਾਂ 'ਚੋਂ ਖਿੱਚ ਕੇ ਲਿਜਾਣ ਵਾਂਗ ਹੀ ਸੀ। ਉਹ ਉਸ ਨੂੰ ਔਰਤਾਂ ਦੇ ਅਹਾਤੇ ਤੋਂ ਘਸੀਟ ਕੇ ਲਿਆਏ, ਕਿਉਂਕਿ ਜੇ ਉਸ ਨੂੰ ਪਵਿੱਤਰ ਥਾਂ ਵਿਚ ਮਾਰ ਦਿੰਦੇ, ਤਾਂ ਉਹਦੇ ਲਹੂ ਨਾਲ ਹੈਕਲ ਦੂਸ਼ਿਤ ਹੋ ਜਾਣੀ ਸੀ (ਵੇਖੋ 2 ਰਾਜਿਆਂ 11:15,16; 2 ਇਤਿਹਾਸ 24:21)। ਇਕ ਬੇਕਸੂਰ ਆਦਮੀ ਨੂੰ ਮਾਰਨ ਲੱਗਿਆਂ ਤਾਂ ਸਾਨੂੰ ਸ਼ਰਮ ਨਹੀਂ ਆਈ ਪਰ ਜ਼ਮੀਨ ਦੇ ਇਕ ਟੋਟੇ ਨੂੰ ਗੰਦਾ ਨਹੀਂ ਕਰਨਾ ਚਾਹੁੰਦੇ ਸਨ।

ਉਨ੍ਹਾਂ ਦੇ ਕੰਮਾਂ ਦੀ ਵਿਆਖਿਆ ਕਰਨ ਦੇ ਬਾਅਦ ਲੂਕਾ ਨੇ ਇਹ ਟਿੱਪਣੀ ਜੋੜੀ: ''ਅਰ ਝੱਟ ਦਰਵਾਜ਼ੇ ਬੰਦ ਕੀਤੇ ਗਏ'' (ਆਇਤ 30ੲ)। ਇਹ ਸ਼ਬਦ ਸ਼ਾਇਦ ਵੇਰਵੇ ਨਾਲ ਦੱਸਣ ਲਈ ਹੀ ਸਨ; ਹੋ ਸਕਦਾ ਹੈ ਕਿ ਔਰਤਾਂ ਦੇ ਅਹਾਤੇ ਨੂੰ ਹੋਰ ਦੂਸ਼ਿਤ ਹੋਣ ਤੋਂ ਰੋਕਣ ਜਾਂ ਬੰਦਗੀ ਨੂੰ ਹੋਰ ਪਰੇਸ਼ਾਨੀ ਨੂੰ ਬਚਾਉਣ ਲਈ ਪਹਿਰੇਦਾਰਾਂ ਨੇ ਹੈਕਲ ਦੇ ਫ਼ਾਟਕ ਬੰਦ ਕਰ ਦਿੱਤੇ ਹੋਣ। ਪਰ ਬਹੁਤੇ ਟੀਕਾਕਾਰਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਸੰਕੇਤਕ ਮਹੱਤਵ ਨਜ਼ਰ ਆਉਂਦਾ ਹੈ।

> ਖ਼ੁਦ ਲੂਕਾ ਲਈ ਇਹ ਪਲ ਆਇਆ ਹੋਵੇਗਾ ਜਦ ਯਰੂਸ਼ਲਮ ਦੀ ਹੈਕਲ ਨੂੰ ਉਸ ਦੇ ਦੋਹਰੇ ਇਤਿਹਾਸ ਵਿਚ ਮਿਲਣ ਵਾਲਾ ਮਾਣ ਖੁੱਸ ਗਿਆ। ਕਿਸੇ ਵਕਤ ਉਹਦੇ ਨਾਂਅ ਨਾਲ ਮਸ਼ਹੂਰ ਘਰ ਤੋਂ ਖ਼ੁਦਾ ਦੇ ਪੈਗ਼ਾਮ ਅਤੇ ਪ੍ਰਚਾਰਕ ਦੇ ਨਿੱਕਲ ਜਾਣ ਨਾਲ ਉਹਦਾ ਅੰਤ ਯਕੀਨੀ ਹੋ ਗਿਆ; ਹੁਣ ਇਹ ਉਸ ਬਰਬਾਦੀ ਲਈ ਤਿਆਰ ਸੀ ਜਿਹਦੀ ਨਬੂਵਤ ਯਿਸੂ ਨੇ ਕਈ ਸਾਲ ਪਹਿਲਾਂ ਕੀਤੀ ਸੀ (ਲੂਕਾ 21:6)।[12]

> ...ਫ਼ਾਟਕਾਂ ਦੇ ਬੰਦ ਹੋਣ ਦੀ ਕ੍ਰਿਆ ਦਾ ਸੰਕੇਤਕ ਅਰਥ ਇਹ ਸੀ ਕਿ ਗ਼ੈਰ ਕੌਮ ਮਸੀਹੀ ਲੋਕ ਕਲੀਸੀਆ [ਦੇ ਇਕ ਭਾਗ] ਅਤੇ 70ਈ: ਦੇ ਬਾਅਦ ਯਹੂਦੀ ਮਸੀਹੀ ਜਮਾਤ ਵਿਚ ਹੈਕਲ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਣੀ ਸੀ।[13]

**ਇਕ ਗੜਬੜ ਭਰਿਆ ਕਿਆੜਾ**

ਜਿਸ ਇਲਜ਼ਾਮ ਵਿਚ ਪੌਲੁਸ ਨੂੰ ਫੜ੍ਹਿਆ ਗਿਆ ਸੀ, ਉਹ ਉਹਦੇ ਲਈ ਮੁਜਰਮ ਹੁੰਦਾ ਤਾਂ ਉਹਨੂੰ ਪਹਿਰੇਦਾਰਾਂ ਵੱਲੋਂ ਸ਼ਹਿਰ ਦੇ ਬਾਹਰ ਲਿਜਾ ਕੇ ਪਥਰਾਅ ਕਰਕੇ ਮਾਰ ਦਿੱਤਾ ਜਾਣਾ ਚਾਹੀਦਾ ਸੀ (ਰਸੂਲਾਂ ਦੇ ਕੰਮ 7:58; ਵੇਖੋ ਲੇਵੀਆਂ ਦੀ ਪੋਥੀ 24:10-14)। ਇਹਦੇ ਉਲਟ ਭੀੜ ਉਹਨੂੰ ਬੇਰਹਿਮੀ ਨਾਲ ਅਤੇ ਗੁੱਸੇ ਵਿਚ ਪਾਗ਼ਲ ਹੋ ਕੇ ਮਾਰਨ ਲੱਗੀ (ਰਸੂਲਾਂ ਦੇ ਕੰਮ 21:32)। ਪੌਲੁਸ ਕੋਲ ਜ਼ਿੰਦਾ ਬਚਣ ਲਈ ਕੁਝ ਮਿੰਟ ਹੀ ਬਾਕੀ ਸਨ ਜਦ ਖ਼ੁਦਾ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਰੋਕਣ ਲਈ ਦਖ਼ਲ ਦਿੱਤਾ। ਮਜ਼ਾਕ ਵਾਲੀ ਗੱਲ ਇਹ ਹੈ ਕਿ ਖ਼ੁਦਾ ਨੇ ਧਾਰਮਿਕ ਲੋਕਾਂ ਨੂੰ ਹਰਾਉਣ ਲਈ ਅਧਾਰਮਿਕ ਸ਼ਕਤੀ ਦੀ ਵਰਤੋਂ ਕੀਤੀ।[14] ''ਜਾਂ ਉਹ ਉਸ ਦੇ ਮਾਰ ਸੁੱਟਣ ਦੇ ਮਗਰ ਪਏ ਤਾਂ ਫ਼ੌਜ ਦੇ ਸਰਦਾਰ ਨੂੰ ਖ਼ਬਰ ਪਹੁੰਚੀ ਭਈ ਸਾਰੇ ਯਰੂਸ਼ਲਮ ਵਿਚ ਫ਼ਸਾਦ ਮੱਚ ਗਿਆ!'' (ਆਇਤ 31)।

ਆਮ ਤੌਰ 'ਤੇ ਫ਼ਲਸਤੀਨ ਅਤੇ ਖ਼ਾਸ ਤੌਰ 'ਤੇ ਯਰੂਸ਼ਲਮ ਰੋਮੀ ਫ਼ੌਜ ਦੀ ਸਿਰਦਰਦੀ ਬਣਿਆ ਹੋਇਆ ਸੀ। ਉਸ ਇਲਾਕੇ ਦੇ ਪ੍ਰਬੰਧ ਦਾ ਮੌਕਾ ਮਿਲਣ ਦੀ ਤੁਲਨਾ ਖੌਲਦੇ ਹੋਏ ਜਵਾਲਾਮੁਖੀ ਦੇ ਉੱਪਰ ਬੈਠਣ ਦਾ ਮਾਣ ਹਾਸਲ ਕਰਨ ਨਾਲ ਕੀਤੀ ਜਾ ਸਕਦੀ ਹੈ। ਖ਼ਾਸ ਤਿਉਹਾਰਾਂ ਦੌਰਾਨ ਤਾਂ ਜਦ ਯਰੂਸ਼ਲਮ ਲੱਖਾਂ ਯਹੂਦੀਆਂ ਨਾਲ ਭਰਿਆ ਹੁੰਦਾ ਸੀ, ਹਾਲਤ ਸਭ ਤੋਂ ਮਾੜੀ ਹੁੰਦੀ ਸੀ। ਅਜਿਹੇ ਮੌਕਿਆਂ 'ਤੇ ਕਿਸੇ ਐਮਰਜੈਂਸੀ ਵਾਲੇ ਹਾਲਾਤ ਨਾਲ ਨਿਪਟਣ ਲਈ ਸ਼ਹਿਰ ਦੇ ਦੁਆਲੇ ਵਾਧੂ ਫ਼ੌਜੀ ਦਸਤੇ ਹੁੰਦੇ ਸਨ।

ਉਨ੍ਹਾਂ ਦਸਤਿਆਂ ਨੂੰ ਅੰਟੋਨੀਆ ਦੇ ਕਿਲ੍ਹੇ ਵਿਚ ਠਹਿਰਾਇਆ ਜਾਂਦਾ ਸੀ, ਜੋ ਹੈਕਲ ਦੀ ਉੱਤਰ-ਪੱਛਮੀ ਨੁੱਕਰ ਵੱਲ ਸੀ। ਇਹ ਇਕ ਪੁਰਾਣਾ ਯਹੂਦੀ ਕਿਲ੍ਹਾ ਸੀ ਜਿਸ ਨੂੰ ਹੈਰੋਦੇਸ ਮਹਾਨ ਨੇ ਮੁੜ ਬਣਾ ਕੇ ਅਪਣੇ ਰੋਮੀ ਦੋਸਤ ਅਤੇ ਸਰਪ੍ਰਸਤ ਮਾਰਕ ਐਂਟਨੀ ਦੇ ਨਾਂਅ 'ਤੇ ਉਹਦਾ ਨਾਂਅ ਰਖਿਆ ਸੀ। ਕਿਲ੍ਹਾ ਹੈਕਲ ਤੋਂ ਉੱਚਾ ਸੀ, ਕਰੀਬ 50 ਫ਼ੁੱਟ ਸੀ ਅਤੇ ਇਸ

ਨਾਲੋਂ ਵੀ 50 ਫ਼ੁੱਟ ਉੱਚੇ ਸਨ। ਪਹਿਰੇਦਾਰ ਉੱਥੋਂ ਹੈਕਲ ਦੇ ਸਭ ਇਲਾਕਿਆਂ ਦੇ ਇਲਾਵਾ ਸ਼ਹਿਰ ਦੇ ਜ਼ਿਆਦਾਤਰ ਹਿੱਸੇ 'ਤੇ ਨਜ਼ਰ ਰੱਖ ਸਕਦੇ ਸਨ।

ਸੁਰੱਖਿਆ ਦਾ ਕੰਮ ਸਥਾਨਕ ਅਧਿਕਾਰੀ ਕਲੌਦਿਉਸ ਲੁਸੀਅਸ (23:26) ਦੇ ਜ਼ਿੰਮੇ ਸੀ ਜੋ ਇਕ ਹਜ਼ਾਰ ਫ਼ੌਜੀਆਂ 'ਤੇ ਹਾਕਮ ਸੀ।[15] ਉਸ ਦਿਨ ਓਸੇ ਖ਼ਬਰ ਨੇ ਉਨ੍ਹਾਂ ਨੂੰ ਪਰੇਸ਼ਾਨ ਕਰ ਦਿੱਤਾ ਸੀ ਜਿਸ ਦਾ ਉਸ ਨੂੰ ਸਭ ਤੋਂ ਬਹੁਤਾ ਡਰ ਸੀ: ''ਸਾਰਾ ਯਰੂਸ਼ਲਮ ਉਲਝਣ ਵਿਚ [ਹੈ]!''[16] ਕਿਲ੍ਹਾ ਹੈਕਲ ਦੇ ਬਾਹਰ ਵਾਲੇ ਅਹਾਤੇ ਨਾਲ ਦੋ ਪੌੜੀਆਂ ਨਾਲ ਜੁੜਿਆ ਹੋਇਆ ਸੀ। ਛੇਤੀ ਨਾਲ ਹੁਕਮ ਦਿੰਦਿਆਂ, ਉਹ ਪੌੜੀਆਂ ਵੱਲ ਨੂੰ ਦੌੜਿਆ: ''ਉਹ ਓਸੇ ਵੇਲੇ ਸਿਪਾਹੀਆਂ ਅਤੇ ਸੂਬੇਦਾਰਾਂ ਨੂੰ ਲੈ ਕੇ ਉਨ੍ਹਾਂ 'ਤੇ ਦੌੜ ਪਿਆ'' (21:32ੳ)।

ਸੈਂਕੜੇ ਸਿਪਾਹੀਆਂ ਦੇ ਦਸਤੇ ਨੂੰ ਵੇਖ ਕੇ[17] ਭੀੜ ਇਕਦਮ ਡੈਂਬਰ ਗਈ: ''ਅਤੇ ਉਹ ਲੋਕ ਸਰਦਾਰ ਅਤੇ ਸਿਪਾਹੀਆਂ ਨੂੰ ਵੇਖ ਕੇ ਪੌਲੁਸ ਦੇ ਮਾਰਨ ਤੋਂ ਹਟ ਗਏ'' (ਆਇਤ 32ਅ)। ਕਲੌਦਿਉਸ ਜਿਹਨੇ ਦੰਗੇ 'ਤੇ ਕਾਬੂ ਪਾਉਣ ਵਿਚ ਮਹਾਰਤ ਹਾਸਲ ਕੀਤੀ ਸੀ, ਹਾਲਾਤ ਨੂੰ ਝੱਟ ਸਮਝ ਗਿਆ। ਉਹਨੇ ਵੇਖਿਆ ਕੇ ਭੀੜ ਦਾ ਗੁੱਸਾ ਇਕ ਮਾਰੇ ਕੁੱਟੇ ਲਹੂ-ਲੁਹਾਨ ਆਦਮੀ 'ਤੇ ਸੀ। ਛੇਤੀ ਨਾਲ ਉਹਨੇ ਉਸ ਆਦਮੀ ਦੀ ਹਿਫ਼ਾਜ਼ਤ ਲਈ ਤਾਂ ਨਹੀਂ, ਪਰ ਦੰਗਾ ਸ਼ਾਂਤ ਕਰਨ ਲਈ ''ਨੇੜੇ ਆਣ ਕੇ ਉਹਨੂੰ ਫੜ੍ਹ ਲਿਆ''(ਆਇਤ 33ੳ)।[18] ਇਹ ਮੰਨ ਕੇ ਕਿ ਉਸ ਆਦਮੀ ਕਰਕੇ ਫ਼ਸਾਦ ਹੋਇਆ ਹੈ,[19] ਉਸਨੇ ਆਪਣੇ ਦੋ ਸਿਪਾਹੀਆਂ ਨੂੰ ''ਉਹ ਨੂੰ ਦੋ ਸੰਗਲਾਂ ਨਾਲ ਬੰਨ੍ਹਣ'' ਲਈ ਆਖਿਆ (ਆਇਤ 33ਅ)। ਇਹਦੇ ਨਾਲ ਇਹ ਨਬੂਵਤ ਪੂਰੀ ਹੋ ਗਈ ਕਿ ਬੰਧਨ ਅਤੇ ਬਿਪਤਾ ਯਰੂਸ਼ਲਮ ਵਿਚ ਪੌਲੁਸ ਦੀ ਉਡੀਕ ਕਰ ਰਹੇ ਸਨ (20:22, 23; 21:10, 11)।[20]

ਇਹ ਜਾਣਦਿਆਂ ਕਿ ਉਸਨੂੰ ਇਸ ਘਟਨਾ ਦੀ ਰਿਪੋਰਟ ਦੇਣੀ ਪਵੇਗੀ,[21] ਪਲਟਨ ਦੇ ਸਰਦਾਰ ਨੇ ''ਪੁੱਛਿਆ ਜੋ ਇਹ ਕੌਣ ਹੈ ਅਤੇ ਇਸ ਨੇ ਕੀ ਕੀਤਾ ਹੈ?'' (21:33ੲ)।[22] ਇਸ ਤੋਂ ਸਾਨੂੰ ਭੀੜ ਦੇ ਗ਼ਲਤ ਕਿਆਫ਼ੇ ਦਾ ਪਤਾ ਲਗਦਾ ਹੈ: ''ਤਦ ਭੀੜ ਵਿਚ ਕਈ ਕੁਝ ਪੁਕਾਰਨ ਲੱਗੇ ਅਤੇ ਕਈ ਕੁਝ'' (ਆਇਤ 34ੳ)।[23] ਬਹੁਤਿਆਂ ਨੂੰ ਇਹ ਪਤਾ ਹੀ ਨਹੀਂ ਸੀ ਕਿ ਪੌਲੁਸ 'ਤੇ ਕੀ ਇਲਜ਼ਾਮ ਲੱਗਾ ਸੀ, ਪਰ ਉਨ੍ਹਾਂ ਨੇ ਕਿਆਫ਼ਾ ਲਾਇਆ ਹੋਵੇਗਾ ਕਿ ਇਸ ਗੜਬੜ ਦੀ ਜ਼ਰੂਰ ਕੋਈ ਖ਼ਤਰਨਾਕ ਵਜ੍ਹਾ ਹੋਵੇਗੀ। ਉਹ ਇਸ ਕਹਾਵਤ ਨੂੰ ਮੰਨਦੇ ਹੋਣਗੇ ਕਿ ''ਧੂੰਆਂ ਹੈ ਤਾਂ ਅੱਗ ਹੋਣੀ ਲਾਜ਼ਮੀ ਹੈ।''

ਛੇਤੀ ਹੀ ਇਹ ਵੀ ਸਾਫ਼ ਹੋ ਗਿਆ ਕਿ ਅਧਿਕਾਰੀ ਨੂੰ ਜਾਂਚ ਨਾਲ ਕੁਝ ਵੀ ਮਦਦ ਨਹੀਂ ਮਿਲਣੀ ਸੀ। '' ਅਰ ਜਾਂ ਉਸ ਰੌਲੇ ਦੇ ਕਾਰਣ ਹਕੀਕਤ ਮਲੂਮ ਨਾ ਕਰ ਸਕਿਆ[24] ਤਾਂ ਉਸ ਨੇ ਹੁਕਮ ਦਿੱਤਾ ਭਈ ਇਹ ਨੂੰ ਕਿਲ੍ਹੇ ਵਿਚ ਲੈ ਜਾਓ'' (ਆਇਤ 34ਅ) ਜਿੱਥੇ ਕੈਦੀ ਬਣਾ ਕੇ ਉਸ ਤੋਂ ਪੁੱਛਗਿੱਛ ਕੀਤੀ ਜਾ ਸਕਦੀ ਸੀ। ਪੌਲੁਸ ਹੁਣ ਰੋਮ ਦਾ ਕੈਦੀ ਸੀ; ਰਸੂਲਾਂ ਦੇ ਕੰਮ ਕਿਤਾਬ ਦੇ ਅਖ਼ੀਰ ਤਕ ਉਹਨੇ ਕੈਦੀ ਹੀ ਰਹਿਣਾ ਸੀ।

ਜਦ ਪੌਲੁਸ ਨੂੰ ਸੁਰੱਖਿਆ ਦਸਤਾ ਪੌੜੀਆਂ ਵੱਲ ਲਿਜਾਣ ਲੱਗਾ, ਤਾਂ ਖ਼ੂੰਖਾਰ ਭੀੜ ਇਹ ਵੇਖ ਕੇ ਕਿ ਉਨ੍ਹਾਂ ਦਾ ਸ਼ਿਕਾਰ ਹੱਥੋਂ ਨਿੱਕਲ ਰਿਹਾ ਹੈ, ਹਿੰਸਕ ਹੋ ਗਈ। ਚੌਕਸ ਸਿਪਾਹੀ ਪੌਲੁਸ ਨੂੰ ਚੁੱਕ ਕੇ ਭੀੜ ਵਿੱਚੋਂ[25] ਦੂਜੇ ਥਾਂ ਲੈ ਗਏ (ਆਇਤ 35)।[26] ਲੋਕ ਇਹ ਮੰਗ ਕਰਨ ਲੱਗੇ ਕਿ ''ਇਹ ਨੂੰ ਮਾਰ ਦਿਓ!'' (ਆਇਤ 36ਅ)। ਉਨ੍ਹਾਂ ਦੇ ਕਹਿਣ ਤੋਂ ਭਾਵ ਸੀ ਕਿ ''... ਇਹੋ ਜਿਹੇ ਮਨੁੱਖ ਨੂੰ ਧਰਤੀ ਉੱਤੋਂ ਦੂਰ ਕਰ ਦਿਓ ਕਿਉਂ ਜੋ ਉਹ ਦਾ ਜਿਊਣਾ ਹੀ ਯੋਗ

ਨਹੀਂ! '' (22:22ਅ)। ਉਸ ਥਾਂ ਤੋਂ ਕੁਝ ਹੀ ਕਦਮ ਦੂਰ ਇਕ ਹੋਰ ਭੀੜ ਨੇ ਯਿਸੂ ਦੀ ਮੌਤ ਮੰਗਣ ਲਈ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਸੀ![27]

**ਇਕ ਅਸਪਸ਼ਟ ਕਿਆਫ਼ਾ**

ਉਨ੍ਹਾਂ ਦੇ ਪੌੜੀਆਂ 'ਤੇ ਜਾ ਪਹੁੰਚਣ 'ਤੇ, ਰਸੂਲ ਨੇ ਪਹਿਲੀ ਵਾਰ ਗੱਲ ਕੀਤੀ।[28] ''ਜਦ ਪੌਲੁਸ ਨੂੰ ਕਿਲ੍ਹੇ ਦੇ ਅੰਦਰ ਲੈ ਜਾਣ ਲੱਗੇ ਤਾਂ ਉਹ ਨੇ ਸਰਦਾਰ ਨੂੰ ਕਿਹਾ, ਜੇ ਹੁਕਮ ਹੋਵੇ ਤਾਂ ਮੈਂ ਤੇਰੇ ਅੱਗੇ ਕੁਝ ਆਖਾਂ?''(ਆਇਤ 37ੳ)। ਐਨੀ ਗੜਬੜੀ ਵਿਚ ਵੀ ਇਹ ਆਦਮੀ ਸ਼ਾਂਤ ਸੀ[29] ਆਪਣੇ ਹੀ ਲਹੂ ਨਾਲ ਰੰਗਿਆ ਹੋਇਆ ਸੀ, ਉਹਨੇ ਫ਼ੌਜੀ ਅਦਬ ਨੂੰ ਧਿਆਨ ਵਿਚ ਰੱਖਦਿਆਂ ਬੋਲਣ ਦੀ ਇਜਾਜ਼ਤ ਮੰਗੀ।

ਪੌਲੁਸ ਨੂੰ ਬੋਲਦਾ ਸੁਣ ਕੇ ਉਹ ਅਧਿਕਾਰੀ ਦੰਗ ਰਹਿ ਗਿਆ ਸੀ। ਉਹਨੇ ਪੁੱਛਿਆ, ''ਭਲਾ, ਤੂੰ ਯੂਨਾਨੀ ਬੋਲੀ ਜਾਣਦਾ ਹੈਂ?''(ਆਇਤ 37ਅ)। ਪਤਾ ਨਹੀਂ ਯੂਨਾਨੀ ਵਿਚ ਪੌਲੁਸ ਦੇ ਗੱਲ ਕਰਨ ਤੋਂ ਉਹ ਐਨਾ ਹੈਰਾਨ ਕਿਉਂ ਹੋਇਆ ਸੀ।[30] ਯਹੂਦੀਆਂ ਲਈ ਉਸ ਵਕਤ ਦੀ ਵਿਸ਼ਵ-ਵਿਆਪੀ ਭਾਸ਼ਾ ਯੂਨਾਨੀ ਬੋਲਣਾ ਆਮ ਗੱਲ ਸੀ। ਸ਼ਾਇਦ ਪੌਲੁਸ ਵੱਲੋਂ ਯੂਨਾਨੀ ਭਾਸ਼ਾ ਵਿਚ ਗੱਲ ਕਰਨ ਤੋਂ ਵਧ ਕੇ ਉਹਦੇ ਯੂਨਾਨੀ ਲਹਿਜ਼ੇ ਤੋਂ ਹੈਰਾਨ ਹੋਇਆ ਸੀ; ਗੱਲ ਕਰਨ ਦੇ ਤਰੀਕੇ ਕਰਕੇ ਪੌਲੁਸ ਉਹਨੂੰ ਪੜ੍ਹਿਆ-ਲਿਖਿਆ ਲਗਦਾ ਸੀ।

ਫਿਰ ਪਲਟਨ ਦੇ ਸਰਦਾਰ ਨੇ ਆਪਣਾ ਹੀ ਕਿਆਫ਼ਾ ਦੱਸਿਆ: ''ਫਿਰ ਤੂੰ ਉਹੋ ਮਿਸਰੀ ਨਹੀਂ ਹੈਂ ਜਿਹੜਾ ਇਨ੍ਹਾਂ ਦਿਨਾਂ ਤੋਂ ਅੱਗੇ ਦੰਗਾ ਕਰ ਕੇ ਡਾਕੂਆਂ ਦੇ ਚਾਰ ਹਜ਼ਾਰ[31] ਆਦਮੀਆਂ[32] ਨੂੰ ਜੰਗਲ ਵਿਚ ਲੈ ਗਿਆ ਸੀ?'' (ਆਇਤ 38)। ਯਹੂਦੀ ਇਤਿਹਾਸਕਾਰ ਜੋਸੇਫ਼ਸ ਮੁਤਾਬਕ ਤਿੰਨ ਸਾਲ ਪਹਿਲਾਂ ਮਿਸਰੀ ਮਸੀਹੀ ਹੋਣ ਦਾ ਦਾਅਵਾ ਕਰਕੇ (ਵੇਖੋ ਮੱਤੀ 24:26; ਰਸੂਲਾਂ ਦੇ ਕੰਮ 5:36, 37) ਇਸ ਦਸਤੇ ਨੂੰ ਜੈਤੂਨ ਦੇ ਪਹਾੜ ਉੱਪਰ ਲੈ ਗਿਆ ਸੀ। ਉਹਨੇ ਧਮਕੀ ਦਿੱਤੀ ਸੀ ਕਿ ਉਹ ਯਰੀਹੋ ਦੀ ਸ਼ਹਿਰਪਨਾਹ ਵਾਂਗ ਯਰੂਸ਼ਲਮ ਦੀ ਸ਼ਹਿਰ ਪਨਾਹ ਨੂੰ ਵੀ ਢਾਹ ਦੇਵੇਗਾ, ਜਿਸ ਦੇ ਬਾਅਦ ਉਹ ਅਤੇ ਉਹਦੀ ਫ਼ੌਜ ਰੋਮੀਆਂ ਤੋਂ ਸ਼ਹਿਰ ਖੋਹ ਲਵੇਗੀ। ਰੋਮੀ ਰਾਜਪਾਲ, ਫ਼ੇਲਿਕਸ ਨੇ ਬਾਗ਼ੀਆਂ 'ਤੇ ਹਮਲਾ ਕੀਤਾ ਸੀ ਜਿਸ ਨਾਲ ਚਾਰ ਸੌ ਬਾਗ਼ੀ ਮਾਰੇ ਗਏ ਸਨ ਅਤੇ ਦੋ ਸੌ ਨੂੰ ਬੰਦੀ ਬਣਾ ਲਿਆ ਗਿਆ ਸੀ, ਪਰ ਆਪ ਉਹ ਮਿਸਰੀ ਆਪ ਬਚ ਨਿੱਕਲਿਆ ਸੀ। ਉਦੋਂ ਤੋਂ ਉਹਦਾ ਨਾਂਅ ਰੋਮੀਆਂ ਦੇ ''ਇਸ਼ਤਿਹਾਰੀ ਮੁਜਰਮਾਂ'' ਦੀ ਸੂਚੀ ਵਿਚ ਸਭ ਤੋਂ ਉੱਪਰ ਸੀ। ਜ਼ਾਹਿਰ ਹੈ ਕਿ ਇਸ ਅਧਿਕਾਰੀ ਨੂੰ ਲੱਗਾ ਕਿ ਉਹ ਬਾਗ਼ੀ ਉਹਦੇ ਹੱਥ ਆ ਗਿਆ ਹੈ।

ਛੇਤੀ ਨਾਲ ਪੌਲੁਸ ਨੇ ਉਸ ਨੂੰ ਯਕੀਨ ਦੁਆ ਦਿੱਤਾ ਕਿ ਜਿਸ ਆਦਮੀ ਨੂੰ ਉਹ ਅਧਿਕਾਰੀ ਲੱਭ ਰਹੇ ਹਨ, ਉਹ ਮੈਂ ਨਹੀਂ ਹਾਂ: ''ਮੈਂ ਤਾਂ ਇਕ ਯਹੂਦੀ ਮਨੁੱਖ ਕਿਲਿਕੀਆ ਦੇ ਤਰਸੁਸ ਦਾ ਰਹਿਣ ਵਾਲਾ ਹਾਂ'' (21:39ੳ)।[33] ਯਹੂਦੀ ਹੋਣ ਕਰਕੇ ਉਸਨੂੰ ਹੈਕਲ ਵਿਚ ਜਾਣ ਦਾ ਹੱਕ ਸੀ। ਤਰਸੁਸ ਦਾ ਬਸ਼ਿੰਦਾ ਹੋਣ ਕਰਕੇ ਜੋ ਕਿ ਸੱਭਿਆਚਾਰਕ ਅਤੇ ਸਿਆਸੀ ਸ਼੍ਰੇਸ਼ਠਤਾ ਵਾਲਾ ਸ਼ਹਿਰ ਸੀ, ਉਹ ਇਕ ਜ਼ਿੰਮੇਵਾਰ ਆਦਮੀ ਸੀ ਜੋ ਗੜਬੜ ਨਹੀਂ ਕਰ ਸਕਦਾ ਸੀ।

ਪੌਲੁਸ ਨੇ ਫੇਰ ਇਕ ਬੇਨਤੀ ਕੀਤੀ ਜਿਸ ਨਾਲ ਉਹ ਅਧਿਕਾਰੀ ਹੈਰਾਨ ਰਹਿ ਗਿਆ ਹੋਵੇਗਾ: ''ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਜੋ ਮੈਨੂੰ ਲੋਕਾਂ ਨਾਲ ਬੋਲਣ ਦੀ ਪ੍ਰਵਾਨਗੀ ਦੇ'' (ਆਇਤ 39ਅ)। ਅਗਲੇ ਪਾਠ ਵਿਚ ਅਸੀਂ ਪੌਲੁਸ ਨੂੰ ਪੌੜੀਆਂ 'ਤੇ ਖਲੋ ਕੇ (ਆਇਤ 40)

ਹੇਠਾਂ ਖੜੀ ਬੇਕਾਬੂ ਭੀੜ ਨਾਲ ਗੱਲ ਕਰਦਿਆਂ ਵੇਖਾਂਗੇ। ਹੁਣ ਆਓ ਰੁਕ ਕੇ ਕਿਆਫ਼ੇ ਲਾਉਣ ਦੇ ਖ਼ਤਰਿਆਂ ਨੂੰ ਆਪਣੇ 'ਤੇ ਲਾਗੂ ਕਰਨ 'ਤੇ ਵਿਚਾਰ ਕਰਦੇ ਹਾਂ।

## ਅੱਜ ਦੇ ਖਤਰਨਾਕ ਕਿਆਫ਼ੇ

ਅਸੀਆ ਦੇ ਯਹੂਦੀ, ਭੀੜ ਅਤੇ ਰੋਮੀ ਪਲਟਨ ਦਾ ਸਰਦਾਰ ਹੀ ਗ਼ਲਤ ਕਿਆਫ਼ੇ ਲਾਉਣ ਵਾਲੇ ਲੋਕ ਨਹੀਂ ਸਨ। ਮਰੀਅਮ ਅਤੇ ਯੂਸੁਫ਼ ਯਿਸੂ ਦੇ ਬਗ਼ੈਰ ''ਇਹ ਸਮਝ ਕੇ ਭਈ ਉਹ ਕਾਫ਼ਲੇ ਵਿਚ ਹੈ ਇਕ ਮੰਜ਼ਲ ਗਏ'' (ਲੂਕਾ 2:44ੳ)। ਪੈਂਟੀਕਾਸਟ ਵਾਲੇ ਦਿਨ ਕਈਆਂ ਨੇ ਕਿਆਫ਼ਾ ਲਾਇਆ ਸੀ ਕਿ ਰਸੂਲਾਂ ਨੇ ਪੀਤੀ ਹੋਈ ਹੈ (ਰਸੂਲਾਂ ਦੇ ਕੰਮ 2:15)। ਭੂਚਾਲ ਨਾਲ ਨੀਂਦ ਖੁੱਲ੍ਹਣ 'ਤੇ ਦਰੋਗੇ ''ਕੈਦਖ਼ਾਨੇ ਦੇ ਬੂਹੇ ਖੁੱਲ੍ਹੇ ਵੇਖੇ ਤਾਂ ਇਹ ਸਮਝ ਕੇ ਭਈ ਕੈਦੀ ਭੱਜ ਗਏ ਹੋਣੇ ਹਨ ਤਲਵਾਰ ਧੂਈ ਅਤੇ ਆਪ ਨੂੰ ਮਾਰਨ ਲੱਗਾ'' (ਰਸੂਲਾਂ ਦੇ ਕੰਮ 16:27ਅ)।[34]

ਕਿਆਫ਼ੇ ਜਿੰਨੇ ਖ਼ਤਰਨਾਕ ਹੋ ਸਕਦੇ ਹਨ ਓਨੇ ਹੀ ਚਿੰਤਾ ਦਾ ਵਿਸ਼ਾ ਵੀ ਹਨ। ਜਿਵੇਂ ਕਈ ਲੋਕਾਂ ਨੂੰ ਲਗਦਾ ਹੈ ਕਿ ਉਹ ਬਚਾਏ ਜਾਣਗੇ ਕਿਉਂਕਿ ਉਹ ਮਸੀਹੀ ਪਰਿਵਾਰ ਵਿਚ ਪੈਦਾ ਹੋਏ ਹਨ (ਮੱਤੀ 3:9): ਕਈ ''ਭਗਤੀ ਨੂੰ ਖੱਟੀ ਦਾ ਵਸੀਲਾ ਸਮਝਦੇ ਹਨ'' (1 ਤਿਮੋਥਿਉਸ 6:5ਅ)। ਖ਼ੁਦ ਉਹੀ ਜੁਰਮ ਕਰਨ ਦੇ ਬਾਵਜੂਦ ਕਈਆਂ ਨੂੰ ਲਗਦਾ ਹੈ ਕਿ ਦੂਜਿਆਂ ਨੂੰ ਦੋਸ਼ੀ ਠਹਿਰਾ ਕੇ ਉਹ ਖ਼ੁਦਾ ਦੇ ਨਿਆਂ ਤੋਂ ਬਚ ਸਕਦੇ ਹਨ (ਰੋਮੀਆਂ 2:3)।[35]

ਕਿਆਫ਼ੇ ਪਹਿਲੀ ਸਦੀ ਦੇ ਲੋਕਾਂ ਨਾਲ ਹੀ ਮੁੱਕ ਨਹੀਂ ਗਏ ਸਨ। ਅੱਜ ਵੀ ਖ਼ਤਰਨਾਕ ਕਿਆਫ਼ਿਆਂ ਦੀ ਘਾਟ ਨਹੀਂ ਹੈ।[36]

### ਸਿੱਖਿਆਵਾਂ ਸਬੰਧੀ ਕਿਆਫ਼ੇ

ਧਾਰਮਿਕ ਜਗਤ ਵਿਚ ਪਾਏ ਜਾਣ ਵਾਲੇ ਕਈ ਕਿਆਸ ਚਿੰਤਾ ਦਾ ਵਿਸ਼ਾ ਹਨ। ਬੌਬੀ ਡੰਕਨ ਨੇ ਕੁਝ ਸਾਲ ਪਹਿਲਾਂ ਲਿਖਿਆ ਸੀ:

> ''ਨਿਰ੍ਹੇ ਵਿਸ਼ਵਾਸ਼ ਨਾਲ ਮੁਕਤੀ'' ਦੀ ਡਾਕਟ੍ਰਿਨ (ਸਿੱਖਿਆ)... ਉਸ ਤੱਥ ਤੋਂ ਕੱਢੀ ਜਾ ਸਕਦੀ ਹੈ ਜਿਸ ਨੂੰ ਕੋਈ ਵਿਸ਼ਵਾਸ ਨਾਲ ਬਚਾਏ ਜਾਣ ਵਾਲੀਆਂ ਕਈ ਆਇਤਾਂ ਵਿੱਚੋਂ ਇਕ ਆਇਤ ਪੜ੍ਹ ਲੈਣਾ ਅਤੇ ਉਸ ਵਿਸ਼ੇ 'ਤੇ ਦੱਸੀਆਂ ਜਾਣ ਵਾਲੀਆਂ ਹੋਰ ਆਇਤਾਂ 'ਤੇ ਵਿਚਾਰ ਕੀਤੇ ਬਗੈਰ ਨਿਚੋੜ ਕੱਢ ਲੈਣਾ ਹੈ ਕਿ ਬਚਾਇਆ ਜਾਣਾ ਸਿਰਫ਼ ਵਿਸ਼ਵਾਸ ਨਾਲ ਹੁੰਦਾ ਹੈ। ਕੋਈ ਇਹ ਪੜ੍ਹ ਕੇ ਕਿ ''ਕਰਮਾਂ ਨਾਲ ਮੁਕਤੀ ਨਹੀਂ ਹੁੰਦੀ'' ਇਹ ਨਿਚੋੜ ਕੱਢ ਸਕਦਾ ਹੈ ਕਿ ਬਚਾਏ ਜਾਣ ਜਾਂ ਮੁਕਤੀ ਲਈ ਕੋਈ ਕੁਝ ਨਹੀਂ ਕਰ ਸਕਦਾ। ਹੋ ਸਕਦਾ ਹੈ ਕਿ ਇਹ ਪੜ੍ਹ ਕੇ ਕਿ ਪਾਪੀਆਂ ਦੀ ਮੁਕਤੀ ਮਸੀਹ ਦੇ ਲਹੂ ਨਾਲ ਹੁੰਦੀ ਹੈ, ਕੋਈ ਇਹ ਨਿਚੋੜ ਕੱਢੇ ਕਿ ਕਲੀਸੀਆ ਇਕ ਬੇਲੋੜਾ ਸੰਸਥਾਨ ਹੈ।
>
> ਹੋ ਸਕਦਾ ਹੈ ਕਿ ਇਹ ਪੜ੍ਹ ਕੇ ਕਿ ''ਮਸੀਹ ਸਭ ਲਈ ਮਰਿਆ'' ਉਹ ਇਹ ਨਿਚੋੜ ਕੱਢਿਆ ਜਾਵੇ ਕਿ ਸਭ ਲੋਕ ਬਚਾਏ ਜਾਣਗੇ। ਇਹ ਪੜ੍ਹ ਕੇ ਕਿ ''ਜੋ ਕੋਈ ਪ੍ਰਭੂ ਦਾ ਨਾਂਅ ਲਏ ਉਹੀ ਬਚਾਇਆ ਜਾਵੇਗਾ'' ਸ਼ਾਇਦ ਨਿਚੋੜ ਕੱਢਿਆ ਜਾਵੇ ਕਿ ਕਲੀਸੀਆ ਤੋਂ ਬਾਹਰਲੇ ਪਾਪੀ ਲਈ ਬਚਾਏ ਜਾਣ ਵਾਸਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਦੁਆ ਕਰਨਾ ਜ਼ਰੂਰੀ ਹੈ। ਅਜਿਹਾ ਵਿਅਕਤੀ ਇਸ ਆਇਤ ਨੂੰ ਪੜ੍ਹ ਕੇ, ਜੋ

ਦੱਸਦੀ ਹੈ ਕਿ ਵਿਸ਼ਵਾਸ ਕਰਨ ਵਾਲਿਆਂ 'ਤੇ ਸਜ਼ਾ ਦਾ ਹੁਕਮ ਨਹੀਂ ਹੁੰਦਾ, ਇਹ ਨਿਚੋੜ ਕੱਢ ਸਕਦਾ ਹੈ ਕਿ ਮਸੀਹੀ ਲੋਕਾਂ ਲਈ ਕਿਰਪਾ ਤੋਂ ਡਿੱਗਣਾ ਸੰਭਵ ਨਹੀਂ ਹੈ... ਇਨ੍ਹਾਂ ਝੂਠੀਆਂ ਸਿੱਖਿਆਵਾਂ ਦੇ ਨਿਚੋੜ ਕੱਢਣ ਤੋਂ ਪਹਿਲਾਂ ਸਭ ਤੱਥਾਂ 'ਤੇ ਵਿਚਾਰ ਕਰਕੇ ਹੀ ਬਚਿਆ ਜਾ ਸਕਦਾ ਹੈ।...ਬਾਈਬਲ ਦੇ ਕਿਸੇ ਵੀ ਵਿਸ਼ੇ 'ਤੇ ਸੱਚਾਈ ਉਦੋਂ ਤਕ ਨਹੀਂ ਮਿਲ ਸਕਦੀ ਜਦ ਤਕ ਅਸੀਂ ਉਸ ਵਿਸ਼ੇ ਬਾਰੇ ਉਹ ਸਭ ਨਹੀਂ ਪੜ੍ਹ ਲੈਂਦੇ ਜੋ ਬਾਈਬਲ ਦੱਸਦੀ ਹੈ।[37]

**ਲੋਕਾਂ ਸਬੰਧੀ ਕਿਆਫ਼ੇ**

ਪਰ ਸਾਡੇ ਵਿੱਚੋਂ ਬਹੁਤਿਆਂ ਦੀ ਜ਼ਿੰਦਗੀ ਵਿਚ ਬਹੁਤੇ ਖ਼ਤਰਨਾਕ ਕਿਆਫ਼ੇ ਉਹ ਹੁੰਦੇ ਹਨ ਜੋ ਅਸੀਂ ਦੂਜਿਆਂ ਬਾਰੇ ਲਾਉਂਦੇ ਹਾਂ। ਇਕ ਵਾਰ ਇਕ ਆਦਮੀ ਕੁਰਸੀ 'ਤੇ ਬੈਠ ਕੇ ਆਪਣੇ ਬਗ਼ੀਚੇ ਵਿੱਚੋਂ ਘਾਹ ਖੋਤ ਰਿਹਾ ਸੀ। ਕੋਲੋਂ ਲੰਘਦੇ ਇਕ ਆਦਮੀ ਨੂੰ ਲੱਗਾ ਕਿ ''ਇਸ ਤੋਂ ਵੱਧ ਸੁਸਤ ਆਦਮੀ ਕੋਈ ਨਹੀਂ ਹੋਵੇਗਾ!'' ਫਿਰ ਉਸ ਮਾਲੀ ਦੀ ਕੁਰਸੀ ਨਾਲ ਪਈਆਂ ਵੈਸਾਖੀਆਂ ਦੇ ਇਕ ਜੋੜੇ ਵੱਲ ਝਾਤੀ ਪਈ, ਤਾਂ ਉਹਦਾ ਰੰਗ ਸ਼ਰਮ ਨਾਲ ਲਾਲ ਹੋ ਗਿਆ।[38]

ਕ੍ਰਿਸ ਸਮਿਥ ਨੇ ''Assumptions'' ਸਿਰਲੇਖ ਵਾਲੇ ਇਕ ਲੇਖ ਵਿਚ ਧਿਆਨ ਦਿੱਤਾ ਕਿ ਮੰਨ ਕੇ ਚੱਲਣ ਅਤੇ ਹਕੀਕਤ 'ਚ ਬਹੁਤ ਵੱਡਾ ਪਾੜਾ ਹੁੰਦਾ ਹੈ:

> ਕਿੰਨੀ ਵਾਰ ਅਸੀਂ ਮੰਨ ਲੈਂਦੇ ਹਾਂ ਕਿ ਸਾਡੀ ਜਾਣਕਾਰੀ ਸਹੀ ਸੀ, ਪਰ ਬਾਅਦ ਵਿਚ ਹੀ ਪਤਾ ਲੱਗਦਾ ਹੈ ਕਿ ਅਸੀਂ ਕਿੰਨੇ ਗ਼ਲਤ ਸਾਂ?
>
> *ਧਾਰਨਾ:* ''ਉਹਨੂੰ ਲਗਦਾ ਹੈ ਕਿ ਉਹ ਸਭ ਨਾਲੋਂ ਚੰਗੀ ਹੈ।'' *ਹਕੀਕਤ:* ਉਹ ਸ਼ਰਮੀਲੀ ਹੈ, ਜੋ ਚਾਹੁੰਦੀ ਹੈ ਕਿ ਉਹਦੇ ਹੋਰ ਸਾਥੀ ਹੋਣ ਅਤੇ ਪਰੇਸ਼ਾਨ ਹੈ ਕਿ ਉਹਦੇ ਸਾਥੀ ਕਿਉਂ ਨਹੀਂ ਹਨ।
>
> *ਧਾਰਨਾ:* ''ਐਲਡਰਾਂ ਨੇ ਇਸ ਬਾਰੇ ਕੁਝ ਵੀ ਨਹੀਂ ਕੀਤਾ!'' *ਹਕੀਕਤ:* ਐਲਡਰਾਂ ਨੇ ਇਸ ਸਬੰਧ ਵਿਚ ਦੋ ਖ਼ਾਸ ਸਭਾਵਾਂ ਕੀਤੀਆਂ, ਬਹੁਤ ਦੁਆ ਕੀਤੀ, ਜਿੰਨਾ ਵਧੀਆ ਫ਼ੈਸਲਾ ਉਹ ਲੈ ਸਕਦੇ ਸਨ, ਲਿਆ ਅਤੇ ਗੋਪਨੀਅਤਾ ਰੱਖਣ ਕਰਕੇ ਕਿਸੇ ਨੂੰ ਜ਼ਾਹਿਰ ਨਹੀਂ ਕੀਤਾ।
>
> *ਧਾਰਨਾ:* ''ਵਿਲਮਾ ਸਚਮੁਚ ਪਰੇਸ਼ਾਨ ਹੈ! ਉਹਨੇ ਵਿਲਬਰ ਨੂੰ ਦੱਸਿਆ, ਜਿਹਨੇ ਅੱਗੇ ਜੋਸਫੀਨ ਨੂੰ ਦੱਸਿਆ ਅਤੇ ਉਹਨੇ ਮੈਨੂੰ। ...'' *ਹਕੀਕਤ:* ਕਿਹਨੂੰ ਪਤਾ ਹੈ?! ਵਿਲਮਾ ਨੂੰ ਪੁੱਛੋ?
>
> ਭਲਾ ਅਸੀਂ ਆਪਣੀ ਜਾਣਕਾਰੀ ਨੂੰ ਪਰਖ ਸਕਦੇ ਹਾਂ? ਸ਼ਾਇਦ ਨਹੀਂ। ਇਸ ਨਾਲ ਤਾਂ ਬਹੁਤ ਵਕਤ ਬਰਬਾਦ ਹੁੰਦਾ ਹੈ। ਭਲਾ ਸਾਨੂੰ ਕੋਈ ਧਾਰਣਾ ਬਣਾਉਣ ਤੋਂ ਪਹਿਲਾਂ ਚੌਕਸੀ ਨਹੀਂ ਵਰਤਣੀ ਚਾਹੀਦੀ? ਜਦ ਉਹ ਧਾਰਣਾ ਲੋਕਾਂ ਨਾਲ ਜੁੜੀ ਹੋਵੇ ਤਾਂ ਜ਼ਰੂਰ ਵਰਤਣੀ ਚਾਹੀਦੀ ਹੈ! ਬੰਦੇ ਦੇ ਰੁਤਬੇ ਦੀ ਐਨੀ ਅਹਿਮੀਅਤ ਹੈ ਕਿ ਅਧੂਰੀ ਜਾਣਕਾਰੀ, ਅੱਧੇ ਸੱਚ ਅਤੇ ਗੱਪ ਨਾਲ ਖ਼ਤਮ ਨਹੀਂ ਹੋਣਾ ਚਾਹੀਦਾ।[39]

ਪੌਲੁਸ ਦੇ ਮੁਕੱਦਮੇ ਨਾਲ ਜੁੜੇ ਤੱਥਾਂ ਦਾ ਪਤਾ ਲੱਗਣ 'ਤੇ ਰੋਮੀ ਪਲਟਨ ਦਾ ਸਰਦਾਰ ਦੰਗ ਰਹਿ ਗਿਆ ਸੀ। ਜੇ ਸਾਨੂੰ ਪਤਾ ਹੋਵੇ ਕਿ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ ਤਾਂ ਅਸੀਂ ਵੀ ਹੈਰਾਨ ਹੋ ਸਕਦੇ ਹਾਂ। ਕਿਸੇ ਨੇ ਲਿਖਿਆ ਹੈ, ''ਲੋਕਾਂ ਵੱਲੋਂ ਚੁੱਕੀਆਂ ਜਾਣ ਵਾਲੀਆਂ ਸਲੀਬਾਂ ਕਦੇ ਨਜ਼ਰ ਨਹੀਂ ਆਉਂਦੀਆਂ।''[40]

ਬਹੁਤ ਪਹਿਲਾਂ ਯਿਸੂ ਨੇ ਕਿਹਾ ਸੀ, ''ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇ। ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਓਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ...'' (ਮੱਤੀ 7:1, 2)। ਮੈਂ ਚਾਹੁੰਦਾ ਹਾਂ ਕਿ ਲੋਕ ਮੇਰੇ ਬਾਰੇ ਸਭ ਤੋਂ ਚੰਗੀ ਗੱਲ 'ਤੇ ਯਕੀਨ ਕਰਨ, ਭਲਾ ਤੁਸੀਂ ਨਹੀਂ ਚਾਹੁੰਦੇ? ਅਜਿਹਾ ਕਰਨ ਲਈ ਮੈਨੂੰ ਦੂਜਿਆਂ ਦੇ ਕੰਮਾਂ 'ਤੇ ਹਮੇਸ਼ਾ ਬਿਹਤਰ ਹੀ ਕਰਨਾ ਚਾਹੀਦਾ ਹੈ (1 ਕੁਰਿੰਥੀਆਂ 13:7) ਅਤੇ ਤੁਹਾਨੂੰ ਵੀ।

## ਸਾਰ

ਰਸੂਲਾਂ ਦੇ ਕੰਮ 21:27-40 ਦੇ ਦ੍ਰਿਸ਼ ਵੇਖ ਕੇ ਮੈਨੂੰ ਦੋ ਤਰ੍ਹਾਂ ਦੇ ਲੋਕ ਨਜ਼ਰ ਆਉਂਦੇ ਹਨ: ਗੁਮਰਾਹ ਅਤੇ ਸਮਰਪਤ। ਅਸੀਆ ਦੇ ਯਹੂਦੀ, ਭੀੜ, ਰੋਮੀ ਪਲਟਨ ਦਾ ਸਰਦਾਰ ਸਭ ਗੁਮਰਾਹ ਸਨ। ਦੂਜੇ ਪਾਸੇ ਪੌਲੁਸ ਹਰ ਹਾਲ ਵਿਚ ਪ੍ਰਭੂ ਨੂੰ ਸਮਰਪਤ ਸੀ। ਤੁਸੀਂ ਇਨ੍ਹਾਂ ਵਿੱਚੋਂ ਕਿਸ ਵਰਗ 'ਚ ਆਉਂਦੇ ਹੋ? ਜੇ ਤੁਸੀਂ ਗੁਮਰਾਹ ਹੋ ਤਾਂ ਮੇਰੀ ਦੁਆ ਹੈ ਕਿ ਪ੍ਰਭੂ ਤੁਹਾਨੂੰ ਸਮਝਣ ਦੀ ਸ਼ਕਤੀ ਦੇਵੇ ਅਤੇ ਜਿੰਨੀਂ ਛੇਤੀ ਹੋ ਸਕੇ ਆਪਣੇ ਰਚਣਹਾਰੇ ਨੂੰ ਸਮਰਪਤ ਹੋ ਜਾਵੋ। ਪ੍ਰਭੂ ਅਜੇ ਉਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਲੈ ਰਿਹਾ ਹੈ ਜੋ ਉਹਦੇ ਲਈ ਖੜੇ ਹੋਣਾ ਚਾਹੁੰਦੇ ਹਨ, ਕੋਈ ਭਾਵੇਂ ਕੁਝ ਵੀ ਕਹਿੰਦਾ ਰਹੇ!

---

ਟਿਪਣੀਆਂ

[1]ਪੈਂਟੀਕਾਸਟ ਦਾ ਪਰਬ ਇਕ ਦਿਨਾ ਹੁੰਦਾ ਸੀ, ਪਰ ਦੂਰੋਂ ਆਉਣ ਵਾਲੇ ਜ਼ਿਆਦਾਤਰ ਲੋਕ ਉਸ ਇਕ ਦਿਨ ਤੋਂ ਬਾਅਦ ਵੀ ਯਰੂਸ਼ਲਮ ਵਿਚ ਰਹਿ ਜਾਂਦੇ ਸਨ। [2]ਸ਼ਾਇਦ ਇਹ ਇਕੱਠ ਗਲਾਤੀਆ, ਮਕਦੂਨੀਆ, ਅਖਾਇਆ ਅਤੇ ਉਨ੍ਹਾਂ ਸਭ ਥਾਵਾਂ ਦੇ ਯਹੂਦੀ ਹੁੰਦੇ ਸਨ ਜਿੱਥੇ ਯਹੂਦੀਆਂ ਨੇ ਪੌਲੁਸ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੇ ਅਸੀਆ ਦੇ ਯਹੂਦੀਆਂ ਨੇ ਇਸ ਗੱਲ ਨੂੰ ਭੜਕਾਇਆ ਨਹੀਂ ਤਾਂ, ਹੋ ਸਕਦਾ ਹੈ ਕਿ ਕਿਸੇ ਦੂਜੇ ਇਲਾਕੇ ਵਿਚ ਰਹਿਣ ਵਾਲੇ ਯਹੂਦੀਆਂ ਨੇ ਭੜਕਾਇਆ ਹੋਵੇ। ਇਹ ਵੀ ਹੋ ਸਕਦਾ ਹੈ ਕਿ ਪੌਲੁਸ ਦੇ ਮਗਰ ਉਹ ਇਸੇ ਮਕਸਦ ਨਾਲ ਆਏ ਹੋਣ। [3]ਹੈਕਲ ਤੇ ਹੋਰ ਟਿੱਪਣੀਆਂ ਲਈ, *ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 1'' ਦੇ ਪਾਠ ''ਚੰਗਿਆਈ ਦੀ ਇਕ ਘਟਨਾ'' ਵਿਚ 109 ਸਫ਼ੇ 'ਤੇ ਵੇਖੋ। [4]*ਟਰੁੱਥ ਫ਼ਾਰ ਟੂਡੇ* ਦੀ ਪੰਜਾਬੀ ਕਿਤਾਬ ''ਰਸੂਲਾਂ ਦੇ ਕੰਮ, 2'' ਵਿਚ ''ਜੋ ਕੁਝ ਤੁਹਾਡੇ ਕੋਲ ਹੈ ਉਹ ਦੀ ਵਰਤੋਂ ਕਰੋ'' ਪਾਠ ਵੇਖੋ। [5]ਕਈਆਂ ਨੇ ਸੁਝਾਅ ਦਿੱਤਾ ਹੈ ਕਿ ਤ੍ਰੋਫ਼ਿਮੁਸ ਗ਼ਲਤੀ ਨਾਲ ਪਵਿੱਤਰ ਅਹਾਤੇ ਦੇ ਇਕ ਭਾਗ ਵਿਚ ਭਟਕ ਗਿਆ ਹੋਵੇਗਾ। ਆਈ.ਹਾਵਰਡ ਮਾਰਸ਼ਲ ਨੇ ਲਿਖਿਆ ਹੈ, ''ਇਹ ਸੰਭਾਵਨਾ ਕਿ ਤ੍ਰੋਫ਼ਿਮੁਸ ਆਪਣੀ ਮਰਜ਼ੀ ਨਾਲ ਵਰਜਿਤ ਖ਼ੇਤਰ ਵਿਚ ਭਟਕ ਗਿਆ ਹੋਵੇਗਾ, ਓਸੇ ਤਰਾਂ ਨਾਮੁਮਕਿਨ ਲਗਦੀ ਹੈ ਜਿਵੇਂ ਸੈਰ ਸਪਾਟੇ ਲਈ ਕੋਈ ਕ੍ਰੈਮਲਿਨ ਦੇ ਨਿੱਜੀ ਕਮਰਿਆਂ ਵਿਚ ਭਟਕ ਜਾਵੇ''(*ਦ ਐਕਟਸ ਆਫ਼ ਦ ਅਪੋਸਟਲਜ਼,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1980], 348)। [6]ਸੁਝਾਅ ਦਿੱਤਾ ਗਿਆ ਹੈ ਕਿ ਸਿਕੰਦਰ ਅਤੇ ਹੋਰ ਯਹੂਦੀਆਂ ਨੇ ਜਿਹੜੇ ਐਂਫੀ ਥਿਏਟਰ ਵਿਚ ਸਨ (19:33, 34) ਯਰੂਸ਼ਲਮ ਵਿਚ ਇਹ ਦੰਗਾ ਭੜਕਾਇਆ ਹੋਵੇਗਾ। ਜੇ ਇਹ ਗੱਲ ਹੈ ਤਾਂ ਉਨ੍ਹਾਂ ਨੇ ਦੇਮੇਤ੍ਰਿਉਸ ਅਤੇ ਹੋਰ ਸੁਨਿਆਰਿਆਂ ਤੋਂ ਸਿੱਖ ਲਿਆ ਸੀ। [7]ਯੂਨਾਨੀ ਲਿਖਤ ਵਿਚ ਸਿਰਫ ''ਲੋਕ'' ਹੈ (ਵੇਖੋ KJV), ਪਰ ਯਹੂਦੀਆਂ ਵੱਲੋਂ ਵਰਤੇ ਗਏ ਸ਼ਬਦ ਤੋਂ ਭਾਵ ''ਸਭ ਯਹੂਦੀ'' ਹੋਵੇਗਾ, ਇਸ ਕਰਕੇ NASB ਵਿਚ ਇਹਦਾ ਅਨੁਵਾਦ ''ਸਾਡੇ ਲੋਕਾਂ'' ਕੀਤਾ ਗਿਆ ਹੈ। [8]ਧਿਆਨ ਦਿਓ ਕਿ ਇਕ ਆਦਮੀ (ਤ੍ਰੋਫ਼ਿਮੁਸ) ਕਈ ਆਦਮੀਆਂ ''ਯੂਨਾਨੀਆਂ'' (ਬਹੁਚਵਨ) ਵਿਚ ਬਦਲ ਗਿਆ ਸੀ। ਭਲਾ ਅਸੀਆ ਦੇ ਯਹੂਦੀਆਂ ਨੂੰ ਲੱਗਾ ਕਿ ਨਜ਼ੀਰੀ ਮੰਨਤ

ਪੂਰੀ ਕਰਨ ਵਾਲੇ ਵੀ ਗ਼ੈਰ ਕੌਮ ਸਨ? [9]ਸਹੀ-ਸਹੀ ਇਲਜ਼ਾਮਾਂ ਨੂੰ ਦਿਮਾਗ਼ ਵਿਚ ਰੱਖੋ। ਬਾਅਦ ਵਿਚ ਪੌਲੁਸ ਯਹੂਦੀਆਂ ਤੋਂ ਉਨ੍ਹਾਂ ਇਲਜ਼ਾਮਾਂ ਅਤੇ ਆਪਣੇ ਕੇਸ ਨੂੰ ਸਾਬਤ ਕਰਨ ਲਈ ਕਹੇਗਾ (24:19)। [10]ਇਸ ਗੱਲ ਵਿਚ ਥੋੜ੍ਹੀ ਜਿਹੀ ਹੈਰਾਨੀ ਹੈ ਕਿ ਪੌਲੁਸ ’ਤੇ ਹੈਕਲ ਨੂੰ ਭ੍ਰਿਸ਼ਟ ਕਰਨ ਦਾ ਇਲਜ਼ਾਮ ਉਸ ਵਕਤ ਲੱਗਾ ਸੀ ਜਦ ਉਹ ਸ਼ੁੱਧੀਕਰਨ ਦੀ ਪ੍ਰਕ੍ਰਿਆ ਵਿੱਚੋਂ ਦੀ ਲੰਘ ਰਿਹਾ ਸੀ। ਸੋ ਉਹਨੇ ਹੈਕਲ ਨੂੰ ਭ੍ਰਿਸ਼ਟ *ਨਹੀਂ* ਕੀਤਾ ਹੋਵੇਗਾ।

[11]ਸ਼ਹਿਰ ਦੇ ਉਸ ਭਾਗ ਵਿਚ ਐਨੀ ਵੱਡੀ ਭੀੜ ਦੇ ਸਮਾਉਣ ਲਈ ਸਿਰਫ਼ ਗ਼ੈਰ ਕੌਮਾਂ ਦਾ ਅਹਾਤਾ ਹੀ ਸੀ। ਆਇਤ 30 ਵਿਚ ‘‘ਹੈਕਲ’’ ਸ਼ਬਦ ਦੀ ਵਰਤੋਂ ਓਸੇ ਅਰਥ ਵਿਚ ਹੋਈ ਹੈ ਜਿਸ ਵਿਚ ਹੈਕਲ ਦੇ *ਪਵਿੱਤਰ ਭਾਗ* ਲਈ ਪਿਛਲੀਆਂ ਆਇਤਾਂ ਵਿਚ। [12]ਐਫ਼.ਐਫ਼. ਬਰੂਸ, *ਦ ਬੁਕ ਆਫ਼ ਐਕਟਸ,* ਸੋਧਿਆ ਅੰਕ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ.ਈਰਡਮੈਂਸ ਪਬਲਿਸ਼ਿੰਗ ਕੰ., 1988), 410. [13]ਸਾਈਮਨ ਜੇ. ਕਿਸਟਮੇਕਰ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ਿਸ਼ਨ ਦ ਐਕਟਸ ਆਫ਼ ਦ ਅਪੋਸਟਲਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1990), 770. [14]ਯਹੂਦੀ ਭੀੜ ਤੋਂ ਪੌਲੁਸ ਨੂੰ ਬਚਾਉਣ ਲਈ ਖ਼ੁਦਾ ਨੇ ਇੱਥੇ ਰੋਮੀਆਂ ਨੂੰ ਦੂਜੀ ਵਾਰ ਵਰਤਿਆ (ਵੇਖੋ 18:12-17)। ਚਾਹੋ ਤਾਂ ਇਹ ਵੀ ਧਿਆਨ ਦਿੱਤਾ ਜਾ ਸਕਦਾ ਹੈ ਕਿ ਸਰਕਾਰ ਦਾ ਮਕਸਦ ਬੇਕਸੂਰ ਲੋਕਾਂ ਦੀ ਹਿਫ਼ਾਜਤ ਕਰਨਾ ਹੁੰਦਾ ਹੈ (ਰੋਮੀਆਂ 13:3, 4)। [15]ਲੂਕਾ ਵੱਲੋਂ ਵਰਤੇ ਯੂਨਾਨੀ ਸ਼ਬਦ ਦਾ ਇਹੀ ਅਰਥ ਹੈ। [16]ਕਈਆਂ ਨੇ ਸੁਝਾਅ ਦਿੱਤਾ ਹੈ ਕਿ ਇਹ ਖ਼ਬਰ ਪੌਲੁਸ ਨਾਲ ਰਹਿਣ ਵਾਲੇ ਸਿਰ ਮੁਨਾਏ ਬੰਦਿਆਂ ਵਿੱਚੋਂ ਕਿਸੇ ਨੇ ਦਿੱਤੀ। ਪਰ ਖ਼ਬਰ ਇਹ ਨਹੀਂ ਸੀ ਕਿ ‘‘ਉਹ ਇਕ ਬੇਕਸੂਰ ਆਦਮੀ ਨੂੰ ਮਾਰ ਰਹੇ ਹਨ,’’ ਸਗੋਂ ਇਹ ਸੀ ਕਿ ‘‘ਸਾਰਾ ਯਰੂਸ਼ਲਮ ਉਲਝਣ ਵਿਚ [ਹੈ],’’ ਜੋ ਸ਼ਾਇਦ ਕਿਲ੍ਹੇ ਦੇ ਚੌਂਕੀਦਾਰਾਂ ਨੇ ਦਿੱਤੀ ਸੀ। [17]ਸਰਦਾਰ ਨਾਲ ਘੱਟੋ-ਘੱਟ ਦੋ ਸੂਬੇਦਾਰ ਹੁੰਦੇ ਸਨ ਅਤੇ ਇਕ ਸੂਬੇਦਾਰ ਇਕ ਸੌ ਤੋਂ ਵੱਧ ਬੰਦਿਆਂ ‘ਤੇ ਹੁੰਦਾ ਸੀ, ਇਸ ਕਰਕੇ ਘੱਟੋ-ਘੱਟ ਦੋ ਸੌ ਸਿਪਾਹੀਆਂ ਨੂੰ ਸੱਦਿਆ ਗਿਆ ਸੀ। [18]ਸਰਦਾਰ ਦੀ ਬਾਅਦ ਵਾਲੀ ਰਿਪੋਰਟ ਸੱਚਾਈ ਨੂੰ ਲੁਕਾ ਲੈਂਦੀ ਹੈ (ਵੇਖੋ 23:26, 27)। [19]ਇਹ ਇਕ ਝੂਠੀ ‘‘ਮਾਨਤਾ’’ ਹੈ, ਜਿਸ ਨੂੰ ਮਰਜ਼ੀ ਹੋਣ ’ਤੇ ਰੂਪ ਰੇਖਾ ਵਿਚ ਜੋੜਿਆ ਜਾ ਸਕਦਾ ਸੀ। [20]ਇਸ ਤੋਂ ਇਹ ਭਵਿੱਖਬਾਣੀ ਪੂਰੀ ਹੋਈ ਕਿ ਉਹ ਗ਼ੈਰ ਕੌਮਾਂ ਦੇ ਹੱਥੀਂ ਦਿੱਤਾ ਜਾਵੇਗਾ (21:11)।

[21]ਕਾਗਜ਼ੀ ਕਾਰਵਾਹੀ ਨੌਕਰਸ਼ਾਹੀ ਦੀ ਬੁਨਿਆਦ ਰਹੀ ਹੈ। 23:25-30 ਵਿਚ ਲਿਖੀ ਉਹਦੀ ਅੰਤਿਮ ਰਿਪੋਰਟ ਵੇਖੋ। ਇਹ ਜਾਣਨਾ ਜ਼ਰੂਰੀ ਹੈ ਕਿ ਪੌਲੁਸ ਨੇ ਕੀ ਕੀਤਾ ਕਿਉਂਕਿ ਰੋਮੀ ਕਾਨੂੰਨ ਮੁਤਾਬਕ ਕਿਸੇ ਰੋਮੀ ਨੂੰ ਉਹਦੇ ਖ਼ਿਲਾਫ਼ ਲੱਗੇ ਇਲਜ਼ਾਮਾਂ ਦੀ ਸੁਣਵਾਈ ਦੇ ਬਗ਼ੈਰ ਕੈਦ ਵਿਚ ਨਹੀਂ ਰੱਖਿਆ ਜਾ ਸਕਦਾ ਸੀ। ਵੇਖੋ 25:26, 27. [22]ਮੂਲ ਲਿਖਤ ਵਿਚ ਸੰਕੇਤ ਮਿਲਦਾ ਹੈ ਕਿ ਉਹਨੇ ਬਾਰ-ਬਾਰ ਪੁੱਛਿਆ। [23]19:32 ਨਾਲ ਤੁਲਨਾ ਕਰੋ। [24]ਜੇ ਗੜਬੜ ਕਰਨ ਵਾਲੇ ਅਜੇ ਵੀ ਉੱਥੇ ਸਨ ਤਾਂ ਜਾਂ ਤੇ ਉਹ ਬੋਲੇ ਨਹੀਂ, ਜਾਂ ਰੌਲੇ ਵਿਚ ਉਨ੍ਹਾਂ ਦੀ ਕਿਸੇ ਨੇ ਸੁਣੀ ਨਹੀਂ। ਸੁਝਾਅ ਦਿੱਤਾ ਗਿਆ ਹੈ ਕਿ ਸਿਪਾਹੀਆਂ ਨੂੰ ਆਉਂਦੇ ਵੇਖ ਉਹ ਉੱਥੋਂ ਖਿਸਕ ਗਏ ਹੋਣਗੇ। [25]ਸ਼ਾਇਦ ਕਮਜ਼ੋਰੀ ਕਰਕੇ, ਪੌਲੁਸ ਐਨੀ ਤੇਜ਼ ਨਹੀਂ ਚੱਲ ਪਾ ਰਿਹਾ ਸੀ ਜਿੰਨਾ ਸਿਪਾਹੀ ਚਾਹੁੰਦੇ ਸਨ, ਜਾਂ ਸ਼ਾਇਦ ਸਿਪਾਹੀਆਂ ਨੇ ਇਸ ਰਸੂਲ ਨੂੰ ਭੀੜ ਦੀ ਪਹੁੰਚ ਤੋਂ ਦੂਰ ਰੱਖਣ ਲਈ ਉੱਚਾ ਚੁੱਕਿਆ ਹੋਵੇਗਾ। [26]ਇਹ ਜ਼ਲਾਲਤ ਭਰੀ ਸਵਾਰੀ ਟੋਕਰੇ ਵਿਚ ਪੌਲੁਸ ਦੇ ਬਚਾਏ ਜਾਣ ਵਾਂਗ ਹੀ ਸੀ ਜਿਸ ਵਿਚ ਪੌਲੁਸ ਦੀ ਮੁਸ਼ਕਲ ਨੂੰ ਵਿਖਾਇਆ ਗਿਆ ਸੀ (*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ‘‘ਰਸੂਲਾਂ ਦੇ ਕੰਮ, 2’’ ਵਿਚ ਰਸੂਲਾਂ ਦੇ ਕੰਮ 9:23-25 ’ਤੇ ਨੋਟਸ ਵੇਖੋ)। [27]ਲੂਕਾ 23:18; ਯੂਹੰਨਾ 19:15. ਮੈਂ ਹੈਰਾਨ ਹਾਂ ਕਿ ਇਹ ਸਭ ਹੋਣ ’ਤੇ ‘‘ਕਈ ਹਜ਼ਾਰ ਯਹੂਦੀ’’ ਜੋ ਵਿਸ਼ਵਾਸੀ ਸਨ (21:20), ਕਿੱਥੇ ਸਨ। ਖ਼ਾਸ ਕਰ ਮੈਂ ਹੈਰਾਨ ਹਾਂ ਕਿ ਸਿਰ ਮੁਨਾ ਕੇ ਮੰਨਤ ਮੰਨਣ ਵਾਲੇ ਚਾਰ ਬੰਦੇ ਕਿੱਥੇ ਸਨ। ਲਗਦਾ ਹੈ ਇਹ ਕੋਈ ਹੋਰ ਮੌਕਾ ਸੀ ਜਦ ਪ੍ਰਭੂ ਨੂੰ ਛੱਡ ਕੇ ਬਾਕੀ ਸਭ ਪੌਲੁਸ ਨੂੰ ਛੱਡ ਗਏ ਸਨ (2 ਤਿਮੋਥਿਉਸ 4:16, 17)। [28]ਜਿੱਥੋਂ ਤਕ ਲਿਖਤ ਦੱਸਦੀ ਹੈ ਇਹ ਸਹੀ ਹੈ। [29]ਇਨ੍ਹਾਂ ਘਟਨਾਵਾਂ ਦੀ ਤੁਲਨਾ ਇਸਤੀਫ਼ਾਨ ਤੇ ਪਥਰਾਅ ਵੇਲੇ ਦੀ ਘਟਨਾ ਨਾਲ ਕਰੋ। (*ਟਰੁੱਥ ਫ਼ਾਰ ਟੁਡੇ* ਦੀ ਪੰਜਾਬੀ ਕਿਤਾਬ ‘‘ਰਸੂਲਾਂ ਦੇ ਕੰਮ, 2’’ ਵਿਚ ‘‘ਤੁਸੀਂ ਕਿਹਦੇ ਲਈ ਮਰੋਗੇ’’ ਪਾਠ ਵਿਚ ਟਿੱਪਣੀਆਂ ਵੇਖੋ)। ਭਲਾ ਪੌਲੁਸ ਨੇ ਉਸ ਆਦਮੀ ਤੋਂ ਕੁਝ ਸਿੱਖਿਆ ਸੀ ਜਿਹਨੂੰ ਕਤਲ ਕਰਨ ਵਿਚ ਉਹਨੇ ਮਦਦ ਕੀਤੀ ਸੀ? [30]ਹੋ ਸਕਦਾ ਹੈ ਕਿ ਸਰਦਾਰ ਲਈ ਇਹ ਗੱਲਾਂ ‘‘ਇਕ ਪ੍ਰਕਾਸ਼ਨ’’ ਦੇ ਰੂਪ ਵਿਚ ਹੈਰਾਨ ਕਰਨ ਵਾਲੀਆਂ ਨਹੀਂ ਸਨ। ਅਗਲੇ ਵਾਕ ਦੇ ਸ਼ੁਰੂ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ, ‘‘ਫਿਰ ਤਾਂ, ਤੂੰ ਬਿਲਕੁਲ ਉਹੀ ਮਿਸਰੀ ਹੈਂ। . . . ’’ ਮਿਸਰੀ ਲੋਕ ਯੂਨਾਨੀ ਭਾਸ਼ਾ ਬੋਲਦੇ ਸਨ। ਜਦ ਪੌਲੁਸ ਨੇ ਅਰਾਮੀ ਦੀ ਬਜਾਏ ਯੂਨਾਨੀ ਭਾਸ਼ਾ ਬੋਲੀ, ਤਾਂ ਸਰਦਾਰ ਨੇ ਫ਼ੌਰਨ ਇਹੀ ਨਿਚੋੜ ਕੱਢਿਆ ਹੋਵੇਗਾ ਕਿ ਉਹ ਉਹੀ ਮਿਸਰੀ ਇਨਕਲਾਬੀ ਸੀ ਜਿਸ ਦੀ ਉਹ ਖੋਜ ਵਿਚ ਸਨ।

[31]ਜੋਸੇਫ਼ਸ ਨੇ ਕਿਹਾ ਹੈ ਕਿ ਉਹ ਮਿਸਰੀ 30,000 ਲੋਕਾਂ ਨੂੰ ਜੈਤੂਨ ਪਹਾੜ ਦੀ ਚੋਟੀ 'ਤੇ ਲੈ ਗਿਆ ਸੀ। ਗਿਣਤੀ ਵਿਚ ਫ਼ਰਕ ਇਸ ਕਰਕੇ ਹੋ ਸਕਦਾ ਹੈ ਕਿ ਜੋਸੇਫ਼ਸ ਅਤੇ ਸਰਦਾਰ ਦੋ ਵੱਖੋ-ਵੱਖ ਘਟਨਾਵਾਂ ਦੀ ਗੱਲ ਕਰ ਰਹੇ ਸਨ। ਜੇ ਕੋਈ ਵਿਰੋਧੀ ਹੈ, ਤਾਂ ਲਗਦਾ ਹੈ ਕਿ ਜੋਸੇਫ਼ਸ ਨਾਲੋਂ ਉਹ ਰੋਮੀ ਅਧਿਕਾਰੀ ਸਹੀ ਸੀ ਜੋ ਵਧਾਅ-ਚੜ੍ਹਾ ਕੇ ਕਹਿ ਸਕਦਾ ਸੀ। [32]ਮੂਲ ਵਿਚ ਸਰਦਾਰ ਨੇ ਕਿਹਾ, ''ਸਿਸਾਰੀ ਦੇ ਚਾਰ ਹਜ਼ਾਰ ਬੰਦੇ।'' ''ਛੋਟੀ ਤਲਵਾਰ'' ਦੇ ਅਰਥ ਵਾਲੇ ਲਾਤੀਨੀ ਸ਼ਬਦ *Sica* ਤੋਂ ਲਏ ਗਏ ''ਸਿਸਾਰੀ'' ਸ਼ਬਦ ਤੋਂ ਭਾਵ ''ਤਲਵਾਰ ਵਾਲਾ'' ਹੈ। *Sicarii* (ਜਿਵੇਂ NASB ਵਿਚ ਸੰਕੇਤ ਹੈ) ਲੋਕ ਕਾਤਲ ਹੁੰਦੇ ਸਨ। ਉਹ ਤਿਉਹਾਰ ਵੇਲੇ ਰੋਮ ਹਮਾਇਤੀ ਦੁਸ਼ਮਣਾਂ ਨਾਲ ਭੀੜ ਵਿਚ ਘੁਲ-ਮਿਲ ਕੇ ਚੁੱਪ ਕੀਤੇ ਆਪਣੇ ਦੁਸ਼ਮਣਾਂ ਦੇ ਤਲਵਾਰ ਖੋਭ ਦਿੰਦੇ ਸਨ, ਅਤੇ ਡਰੀ ਹੋਈ ਭੀੜ ਵਿਚ ਗ਼ਾਇਬ ਹੋ ਜਾਂਦੇ ਸਨ। ਉਹ ਉਸ ਯਹੂਦੀ ਅੰਦੋਲਨ ਵਿਚ ਸ਼ਾਮਿਲ ਸਨ ਜਿਸ ਕਰਕੇ ਅਖ਼ੀਰ ਯਰੂਸ਼ਲਮ ਦੀ ਬਰਬਾਦੀ ਹੋਈ। [33]ਇਸ ਵਾਰ ਪੌਲੁਸ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਉਹ ਰੋਮੀ ਸ਼ਹਿਰੀ ਸੀ (ਵੇਖੋ 22: 5)।ਉਸ ਵਕਤ ਸਥਾਨਕ ਅਤੇ ਰੋਮੀ ਦੋਹਰੀ ਨਾਗਰਿਕਤਾ ਮਿਲ ਸਕਦੀ ਸੀ। [34]ਬਾਈਬਲ ਦੀਆਂ ਮਾਨਤਾਵਾਂ ਦੀਆਂ ਅਜਿਹੀਆਂ ਹੋਰ ਉਦਾਹਰਣਾਂ ਲਈ ਵੇਖੋ ਮਰਕੁਸ 6:49; ਲੂਕਾ 12:51; 13:2, 4; 19:11; ਯੂਹੰਨਾ 11:31; 13:29; 20:15; ਰਸੂਲਾਂ ਦੇ ਕੰਮ 14:19; 27:13. [35]ਬਾਈਬਲ ਦੀਆਂ ਅਜਿਹੀਆਂ ਮਾਨਤਾਵਾਂ ਦੀਆਂ ਹੋਰ ਉਦਾਹਰਣਾਂ ਲਈ ਵੇਖੋ ਮੱਤੀ 6:7. [36]ਸਰਮਨ ਦਾ ਇਹ ਭਾਗ ਖ਼ਾਸ ਥਾਂ 'ਤੇ ਲੋਕਾਂ ਦੀ ਲੋੜ ਮੁਤਾਬਕ ਤਿਆਰ ਕੀਤਾ ਅਤੇ ਸੁਣਾਇਆ ਜਾਣਾ ਚਾਹੀਦਾ ਹੈ। ਉਦਾਹਰਣ ਸਿਰਫ਼ ਸੁਝਾਅ ਲਈ ਹੀ ਹੈ। [37]ਬੌਬੀ ਡੰਕਨ, ''ਪਾਲ ਇਨ ਦ ਟੈਂਪਲ ਐਂਡ ਪ੍ਰਿਜ਼ਨ ਐਟ ਜੇਰੂਸਲਮ,'' *ਸਟੱਡੀਜ਼ ਇਨ ਐਕਟਸ* (ਡੈਂਟਨ, ਟੈਕਸਸ: ਵੈਲਿਡ ਪਬਲਿਕੇਸ਼ੰਜ਼, 1985), 203. [38]ਇਹ ਉਦਾਹਰਣ ''ਓਲਡ ਪਾਥਸ'' (ਮਾਰਚ 1995) ਦੇ ''ਐਨ ਅਨਨਸੈਸਰੀ ਐਕਸਰਸਾਈਜ਼'' ਲੇਖ ਵਿੱਚੋਂ ਲਈ ਗਈ ਸੀ। [39]ਇਹ ਲੇਖ ਮੂਲ ਵਿਚ 1995 ਦੇ ਸ਼ੁਰੂ 'ਚ ਡੰਕਨਵਿੱਲੇ ਚਰਚ ਆਫ਼ ਕ੍ਰਾਈਸਟ, ਡੰਕਨਵਿੱਲੇ ਦੇ ਬੁਲੇਟਿਨ ਵਿਚ ਮਿਲਿਆ ਸੀ। ਇਸ ਦਾ ਨਵੀਨਤਮ ਉਤਾਰਾ ਮੈਨੂੰ 17 ਅਪ੍ਰੈਲ 1995 ਨੂੰ ਭੇਜਿਆ ਗਿਆ। [40]''ਐਨ ਅਨਨਸੈਸਰੀ ਐਕਸਰਸਾਈਜ਼।''

© 2009 Truth for Today